ਪੋਥੀ

ਸ੍ਰੀ ਦਸੈਹਰਾ ਮਹਾਤਮ

ਅਰਥਾਤ

ਸ਼ਸ਼ਤ੍ਰ ਪੂਜਾ-ਪਾਠ ਬਿਧੀ

ੴ

ੴ

ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥
ਸ੍ਰੀ ਅਕਾਲ ਜੀ ਸਹਾਇ ॥

ਗੁਰ ਗਿਆਨ ਸਾਚਾ ਸਦਾ ਤੀਰਥ ਦਸ ਪੁਰਬ ਸਦਾ ਦਸਾਹਰਾ ॥

ਪੋਥੀ

ਸ੍ਰੀ ਦਸੈਹਰਾ ਮਹਾਤਮ

ਅਰਥਾਤ

ਸ਼ਸ਼ਤ੍ਰ ਪੂਜਾ-ਪਾਠ ਬਿਧੀ

ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਪਾ: ੧੦ਵੀਂ, ਵਿਚੋਂ, ਦਸ ਦਿਵਸ (ਦਸੈਹਰਾ) ਤੇ ਪੜ੍ਹਨ-ਯੋਗ ਗੁਰਬਾਣੀ ਦਾ ਸੰਗ੍ਰਹਿ

ਪ੍ਰਕਾਸ਼ਕ :-ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ 'ਅਕਾਲੀ' ੯੬ ਕ੍ਰੋੜੀ
ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ-ਪੰਜਵਾਂ ਤਖਤ-ਚਲਦਾ ਵਹੀਰ (ਚੱਕ੍ਰਵਰਤੀ) ਪੰਜਾਬ-ਹਿੰਦੁਸਤਾਨ (ਵਿਸ਼ਵ)

ਇਸ ਪੋਥੀ ਦੇ ਸਾਰੇ ਹੱਕ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ (ਚੱਕਰਵਰਤੀ) ਦੇ ਹਨ।

ਪਹਿਲੀ ਛਾਪ – ੫੧ ਪੋਥੀਆਂ, ਅਪ੍ਰੈਲ ੧੯੮੦
ਦੂਜੀ ਛਾਪ – ੧੦੧ ਪੋਥੀਆਂ ਅਕਤੂਬਰ ੧੯੯੬

ਨਿਗਰਾਨ :–ਜ: ਦਿਆਲ ਸਿੰਘ
ਮੁਖਤਿਆਰੇ ਆਮ ਬੁੱਢਾ ਦਲ ਪੰਜਵਾਂ ਤਖਤ, ਚੀਫ਼ ਐਡੀਟਰ ''ਨਿਹੰਗ ਸਿੰਘ ਸੰਦੇਸ਼''

ਪ੍ਰਿੰਟਰ ਤੇ ਪਬਲਿਸ਼ਰ :–ਜ: ਉਦੇ ਸਿੰਘ
ਵਾਈਸ ਪ੍ਰਧਾਨ ਬੁੱਢਾ ਦਲ ਪਬਲਿਕ ਸਕੂਲ (ਬਗੀਚੀ ਬਾਬਾ ਬੰਬਾ ਸਿੰਘ ਜੀ ਲੋਅਰ ਮਾਲ) ਪਟਿਆ਼ਲਾ ।

ਪਰੂਫ਼ ਰੀਡਰ :–ਗਿ: ਬਲਦੇਵ ਸਿੰਘ ਐਮ. ਏ. ਐਡੀਟਰ ਇੰਚਾਰਜ ''ਨਿਹੰਗ ਸਿੰਘ ਸੰਦੇਸ਼''
ਬੁੱਢਾ ਦਲ–ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈਸ, ਲੋਅਰ ਮਾਲ, ਪਟਿਆਲਾ ।

ਮੁਖ-ਬੰਦ

ਭਾਰਤ ਵਰਸ਼ ਵਿਚ ਪੁਰਾਤਨ ਕਾਲ ਤੋਂ ਹੀ ਤਿਉਹਾਰ ਮਨਾਉਣ ਦੀ ਰੀਤ ਚਲੀ ਆ ਰਹੀ ਹੈ। ਯੁਗ ਪੁਰਸ਼ਾਂ (ਅਵਤਾਰਾਂ) ਦੇ ਕਿਸੇ ਖਾਸ ਸ੍ਰਛ ਕਰਤ੍ਰਯ, ਸੰਸਾਰ-ਭਲਾਈ-ਦੁਸ਼ਟਾਂ ਦਾ ਨਾਸ ਕਰਨਾ ਪ੍ਰਉਪਕਾਰ' ਲਈ ਕੀਤੇ ਕਾਰਨਾਮਿਆਂ ਦੇ ਉਹਨਾਂ ਦਿਨਾਂ ਨੂੰ ਪੂਜਯ ਤਿਉਹਾਰ ਦੇ ਰੂਪ ਵਿਚ ਮਨਾਇਆ ਜਾਂਦਾ ਹੈ ।

ਪੁਰਾਤਨ ਰਸਮਾਂ-ਰਿਵਾਜਾਂ ਨੂੰ ਆਰਥਕ, ਸਮਾਜਕ ਤੇ ਭਾਈਚਾਰਕ ਰੀਤੀਆਂ ਨੂੰ, ਸ੍ਰਛਤਾ-ਸਚ-ਧਰਮ-ਧੀਰਜ- ਸੱਤ-ਸੰਤੋਖ, ਜੀਵ ਦੇ ਅਸਲ ਕਰਮਾਂ ਵਿਚ ਪ੍ਰਬੀਨ ਕਰਨ ਲਈ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਰਬ ਸਾਂਝੀਵਾਲਤਾ ਅਤੇ ਨਾਮ-ਸਿਮਰਨ ਤੇ ਜ਼ੋਰ ਦੇਂਦਿਆਂ, ਸਰਬ ਧਰਮਾਂ ਦੇ ਤੀਰਥਾਂ ਤੇ ਜਾ ਕੇ, ਭੁਲੀ ਲੁਕਾਈ ਨੂੰ ਸੱਚੇ ਧਰਮ ਵਲ ਪ੍ਰੇਰਤ ਕੀਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਸਾਰ ਦੀ ਨਿਘ੍ਰੀ-ਢਹਿੰਦੀ ਦਸ਼ਾ ਨੂੰ ਚੰਗੀ ਤਰ੍ਹਾਂ ਘੋਖਦਿਆਂ, ਪੂਰਨ ਮਨੁਖ 'ਖਾਲਸਾ' ਸਾਜ ਇਕ ਅਕਾਲ ਉਪਾਸ਼ਕ ਤੇ ਸ਼ਕਤੀ-ਭਗਤੀ, ਸ਼ਸ਼ਤ੍ਰ-ਸ਼ਾਸ਼ਤ੍ਰ ਦੀ ਪੂਜਾ ਵਿਚ ਸਭ ਰਸਮੋ-ਰਿਵਾਜ ਬਦਲ ਦਿਤੇ ਅਤੇ ਸਾਰੇ ਤਿਉਹਾਰਾਂ ਦੇ ਪੁਰਾਤਨ ਚਿੰਨ੍ਹ, ਨਵੇਂ ਉਲੀਕ ਕੇ ਚੜ੍ਹਦੀਆਂ ਕਲਾਂ ਵਿਚ ਮਨਾਉਣ ਦੀ ਰੀਤ ਪ੍ਰਚੱਲਤ ਕੀਤੀ ।

ਜੀਵਨ ਸ੍ਰੈ-ਰੱਖਿਆ ਦੇ ਦੋਵੇਂ ਅੰਗ ਸ਼ਾਸ਼ਤ੍ਰ (ਗੁਰਬਾਣੀ) ਤੇ ਸ਼ਸ਼ਤ੍ਰ ਦਾ ਸਨਮਾਨ-ਪੂਜਾ ਵਿਚ ਨਿਪੁੰਨ ਕੀਤਾ ਅਤੇ ਫੁਰਮਾਇਆ 'ਜਿਤੇ ਸ਼ਸ਼ਤ੍ਰ ਨਾਮੰ, ਨਮਸਕਾਰ ਤਾਮੰ ॥' 'ਖਾਲਸਾ' ਅਕਾਲ ਪੁਰਖ ਕੀ ਫੌਜ ਨੂੰ ਰਾਜ ਤੇ ਯੋਗੀ ਦਾ ਸਾਂਝਾ ਸਰੂਪ ਬਖਸ਼ਦਿਆਂ, ਬਾਣੀ-ਬਾਣੇ ਦਾ ਧਾਰਨੀ ਬਣਾ ਕੇ, ਸੰਸਾਰਕ ਰਸ਼ਮੋ-ਰਿਵਾਜਾਂ ਤਿਉਹਾਰਾਂ ਨੂੰ ਮਨਾਉਣ ਦਾ ਅਨੋਖਾ ਢੰਗ ਅਪਣਾਇਆ। ਇਸੇ ਮਰਯਾਦਾ ਨੂੰ ਮੁਖ ਰੱਖਦਿਆਂ ਦਸੈਹਰੇ ਦਾ ਤਿਉਹਾਰ ਗੁਰੂ ਖਾਲਸੇ ਨੇ ਸ਼ਸ਼ਤ੍ਰਾਂ ਦੀ ਪੂਜਾ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡ ਬਾਣੀ ਦੁਆਰਾ ਪੜ੍ਹਨ ਦਾ ਦਸ ਦਿਨ ਜਾਪ ਰਾਹੀਂ ਮਨਾਉਣਾ ਅਰੰਭ ਕੀਤਾ ।

ਪੁਰਾਤਨ ਮਰਯਾਦਾ ਅਨੁਸਾਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ-ਦਲ ਪੰਜਵਾਂ-ਤਖਤ ਚੱਕ੍ਰਵਰਤੀ ਹਰ ਸਮੇਂ ਜੰਗਾਂ-ਜੁੱਧਾਂ ਜਾਂ ਰਾਜ-ਪਾਟ ਸਮੇਂ ਵੀ, ਇਹਨਾਂ ਪੁਰਬਾਂ ਨੂੰ ਮਨਾਉਂਦਾ ਰਿਹਾ। ਗੁਰ-ਅਸਥਾਨਾਂ, ਗੁਰਧਾਮਾਂ ਅਤੇ ਗੁਰ-ਤਖਤਾਂ ਤੇ ਦਸੈਹਰੇ ਦੇ ਤਿਉਹਾਰ ਤੇ 'ਸ਼ਸ਼ਤ੍ਰ ਪਾਠ ਪੂਜਾ' ਕੀਤੀ ਜਾਂਦੀ ਸੀ। ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਵੀ ਇਸੇ ਮਰਯਾਦਾ ਨਾਲ 'ਸ਼ਸ਼ਤ੍ਰ ਪੂਜਾ' ਦਸੈਹਰੇ ਤੇ ਪਾਠ ਕੀਤਾ ਜਾਂਦਾ ਸੀ।

ਸੰਨ ੧੯੧੯ ਈਸਵੀ ਤੋਂ ਬੁੱਢਾ ਦਲ ਦੇ ਪਹਿਰੇ ਤੋਂ ਪਿਛੋਂ, ਨਵੇਂ ਪ੍ਰਬੰਧਕਾਂ ਨੇ ਗੁਰੂ ਖਾਲਸੇ ਦੀ ਪੁਰਾਤਨ ਮਰਯਾਦਾ ਭੰਗ ਕਰ ਕੇ ਇਸ ਵਿਰਸੇ ਨੂੰ ਅਲੋਪ ਕਰ ਦਿਤਾ ਹੈ ।

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਪੁਰਾਤਨ ਕਾਲ ਤੋਂ ਹੀ ਇਹ 'ਸ਼ਸ਼ਤ੍ਰ ਪੂਜਾ' ਦਸੈਹਰੇ ਦੇ ਦਿਨਾਂ ਵਿਚ ਹੁੰਦੀ ਆ ਰਹੀ ਹੈ। ਤਖ਼ਤ ਆਦਿ ਸ਼ਕਤੀ ਜਗਤ-ਮਾਤਾ, ਮਾਤਾ ਸਾਹਿਬ ਦੇਵਾਂ ਜੀ ਦੇ ਅਸਥਾਨ ਮੁਕਟ (ਨਾਂਦੇੜ) ਤੇ ਵੀ ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ, ਜਿਹਨਾਂ ੬੦-੭੦ ਸਾਲ ਇਸ ਅਸਥਾਨ ਤੇ ਅਤਿ ਕਠਨ ਘਾਲਾਂ ਘਾਲ ਕੇ, ਅਤੁਟ ਲੰਗਰ-ਦੇਗ ਚਲਾਇਆ ਅਤੇ ਵਿਦਿਆ ਦੀ ਟਕਸਾਲ ਕਾਇਮ ਕਰ ਕੇ ਅਨੇਕਾਂ ਵਿਦਿਆਰਥੀਆਂ ਨੂੰ ਗੁਰਬਾਣੀ ਆਦਿ-ਦਸਮ-ਸ੍ਰੀ ਸਰਬਲੋਹ ਜੀ ਦੇ ਪਾਠ ਪੜ੍ਹਾਏ। ਜਿਹਨਾਂ ਵਿਚੋਂ ਕੁਝ ਸਿੰਘਾਂ ਦੇ ਨਾਮ ਇਸ ਪ੍ਰਕਾਰ ਹਨ।

੧. ਗਿ: ਹਰੀ ਸਿੰਘ ਉਰਫ (ਸੁਖਦੇਵ ਸਿੰਘ) ਹੈਡ ਗ੍ਰੰਥੀ ਬੁੱਢਾ ਦਲ
੨. ਭਾਈ ਜੈਮਲ ਸਿੰਘ ਜੀ ਨਿਹੰਗ ਸਿੰਘ
੩. ਬਾਬਾ ਨਿਹਾਲ ਸਿੰਘ ਜੀ ਨਿਹੰਗ ਸਿੰਘ
੪. ਭਾਈ ਗੋਪਾਲ ਸਿੰਘ ਜੀ ਵੱਡਾ ਭਾਈ
੫. ਬਾਬੂ ਮੇਹਰ ਸਿੰਘ ਜੀ (ਆਦਿ-ਦਸਮ ਦੇ ਕਥਾ ਵਾਚਕ ਵੀ ਬਣੇ)
੬. ਭਾਈ ਮਹਿਤਾਬ ਸਿੰਘ ਜੀ
੭. ਭਾਈ ਹਰਨਾਮ ਸਿੰਘ ਜੀ 'ਸਿੰਧੀ'
੮. ਗਿ: ਲਾਭ ਸਿੰਘ ਜੀ (ਕਥਾ ਵਾਚਕ ਤੇ ਕੀਰਤਨੀਏ ਹਨ)
੯. ਸੰਤ ਚੰਨਣ ਸਿੰਘ ਜੀ (ਨਾਮਧਾਰੀ)
੧੦. ਜ: ਕਰਤਾਰ ਸਿੰਘ ਜੀ
੧੧. ਭਾਈ ਨਾਹਰ ਸਿੰਘ ਜੀ ਨਿਹੰਗ ਸਿੰਘ
੧੨. ਭਾਈ ਧੰਨਾ ਸਿੰਘ ਜੀ ਨਿਹੰਗ ਸਿੰਘ (ਮੋਨੀ)
੧੩. ਅੜਬੰਗ ਸਿੰਘ ਜੀ ਨਿਹੰਗ ਸਿੰਘ 'ਲਿਖਾਰੀ' ਮ: ਗੁ: ਬਗਸਰ
੧੪. ਬਾਬਾ ਰਣ ਸਿੰਘ ਜੀ ,, ,, (ਨਿਸ਼ਾਨਚੀ ਬੁੱਢਾ ਦਲ)
੧੫. ਗਿ: ਕ੍ਰਿਪਾਲ ਸਿੰਘ ਸਾਬਕਾ ''ਲਿਖਾਰੀ'' ਬੁੱਢਾ ਦਲ, ਬਾਬਾ ਜੀ ਨੇ ਹੀ (ਹਥ ਲਿਖਤ ਪੋਥੀਆਂ ਲਿਖਣ ਵਿਚ ਪ੍ਰਬੀਨਤਾ ਬਖਸ਼ੀ)

ਬਾਬਾ ਜੀ ਨੇ ਵੀ ਇਸ ਅਸਥਾਨ ਤੇ 'ਦਸੈਹਰਾ ਮਹਾਤਮ' ਨੂੰ ਗਿ: ਰਾਮ ਸਿੰਘ (ਸੂਰਮਾ ਸਿੰਘ) ਤੇ ਬਾਬਾ ਸੇਵਾ ਸਿੰਘ ਜੀ ਲਿਖਾਰੀ ਛਾਉਣੀ ਨਿਹੰਗ ਸਿੰਘਾਂ (ਅਬਿਚਲ ਨਗਰ) ਨੂੰ ਪ੍ਰੇਰਨਾ ਕਰ ਕੇ ਇਸੇ ਮਰਯਾਦਾ ਨੂੰ ਪ੍ਰਚੱਲਤ ਕੀਤਾ।

ਬੁੱਢਾ ਦਲ ਦੇ ਜਥੇਦਾਰ ਬਾਬਾ ਤੇਜਾ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਤੇ ਪੰਥ ਦੀ ਜਥੇਦਾਰੀ ਲਈ ਫੈਸਲਾ ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਤੇ ਭਾਈ ਹੀਰਾ ਸਿੰਘ ਜੀ ਪੁਜਾਰੀ ਤਖ਼ਤ ਅਬਿਚਲ ਨਗਰ ਤੋਂ ਲਿਖਤੀ ਪੱਤਰ ਰਾਹੀਂ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਨੂੰ ਜਥੇਦਾਰ ਥਾਪਨ ਕਰਦਿਆਂ 'ਦਸੈਹਰਾ ਪਾਠ' ਦੀ ਮਰਯਾਦਾ ਨੂੰ ਸਦੀਵੀ ਕਾਇਮ ਰੱਖਣ ਲਈ ਵਿਸ਼ੇਸ਼ ਤੌਰ ਤੇ ਲਿਖਿਆ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਪੁਰਾਤਨ ਵਿਰਸੇ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ।

ਪੋਥੀ ਦਾ ਪ੍ਰਿਥਮ ਰੂਪ ਲਿਖਣਾ .–ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਜੀ, 'ਨਿਹੰਗ ਸਿੰਘ' ਤੋਂ ਦਾਸ ਤੇ ਭਾਈ ਰਣ ਸਿੰਘ

ਜੀ ਨਿਸ਼ਾਨਚੀ ਬੁੱਢਾ ਦਲ, ਅਸੀਂ ਦੋਵੇਂ ਇਕੱਠੇ ਪਾਠ ਆਦਿ-ਦਸਮ, ਸ੍ਰੀ ਸਰਬ ਲੋਹ ਪ੍ਰਕਾਸ਼ ਜੀ ਦੀ ਸੰਥਾ ੧੯੩੭ ਤੋਂ ੧੯੪੦ ਤੱਕ ਕੀਤੀ, ਅਤੇ ੧੯੪੦ ਵਿਚ ਸ੍ਰੀ ਦਮਦਮਾ ਸਾਹਿਬ ਵਿਸਾਖੀ ਤੇ ਇਕੱਠੇ ਪੁਜੇ ਤੇ ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਜੀ ਦੀ ਅਸ਼ੀਰਵਾਦ ਦਾ ਸਦਕਾ ਹੀ ਕਲਾਧਾਰੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ ਨੇ ਪੰਥ ਦੇ ਦਾਸ ਨੂੰ ''ਲਿਖਾਰੀ'' ਦਾ ਸਨਮਾਨ ਬਖਸ਼ਿਆ ਤੇ ਬਹੁਤ ਸਮਾਂ ਚਰਨ ਪਰਸਨ ਦਾ ਸੁਭਾਗ ਦਿਤਾ ।

ਵਿਦਿਆ ਪੜ੍ਹਨ ਸਮੇਂ ੧੯੩੭ ਤੋਂ ੧੯੪੦ ਈ: ਵਿਚ ਬਾਬਾ ਜੀ ਨੇ ''ਸ਼ਸ਼ਤ੍ਰ ਪੂਜਾ–ਦਸੈਹਰਾ ਮਹਾਤਮ'' ਪੋਥੀ ਵੱਖਰੀ ਲਿਖਣ ਦਾ ਵਿਚਾਰ ਪ੍ਰਗਟਾਇਆ । ਦਾਸ ਤੇ ਅਪਾਰ ਕ੍ਰਿਪਾ ਦ੍ਰਿਸ਼ਟੀ ਕਰਕੇ, ਹਥ ਲਿਖਤ ਇਹ ਪੋਥੀ ਲਿਖਵਾਈ, ਜੋ ਪਹਿਲੀ ਹਥ ਲਿਖਤ ਸੀ ਅਤੇ ਸਰਬ ਲੋਹ ਗ੍ਰੰਥ ਵਿਚੋਂ ਵੀ ਆਦਿ ਸ਼ਕਤੀ ਦੇ ਮੰਗਲ ਪੋਥੀ ਤੇ ਕਈ ਹੋਰ ਪੋਥੀਆਂ ਲਿਖਵਾਈਆਂ । ਸ੍ਰੀ ਸਰਬ ਲੋਹ ਗ੍ਰੰਥ ਹਥ ਲਿਖਤ ਦਾ ਵਿਚਾਰ ਵੀ ਕੀਤਾ, ਪਰ ਉਸ ਸਮੇਂ ਕਾਗਜ਼ ਨਾ ਮਿਲਣ ਕਾਰਨ ਇਹ ਸੇਵਾ ਦਾਸ ਪਾਸੋਂ ਨੇਪਰੇ ਨਾ ਚੜ੍ਹ ਸਕੀ ।

ਪਹਿਲੀ ਹਥ ਲਿਖਤ ਪੋਥੀ ਦਾ ਉਤਾਰਾ ਕਰਨ ਲਈ ਕਿਸੇ ਪ੍ਰੇਮੀ ਦੇ ਲੈ ਜਾਣ ਤੇ, ਦੁਬਾਰਾ ਹੱਥ ਲਿਖਤ ਪੋਥੀ ਪਿੰਡ ਗੋਂਦਲਾ ਵਾਲਾ ਜ਼ਿਲਾ ਗੁਜਰਾਂ ਵਾਲਾ ਅਰੰਭ ਕੀਤੀ ਅਤੇ ਮੱਤਾ ਜ਼ਿਲਾ ਗੁਜਰਾਂ ਵਾਲਾ (ਪਾਕਿਸਤਾਨ) ਵਿਖੇ ਹਾੜ ਸੰਮਤ ੨੦੦੧ ਬਿਕ੍ਰਮੀ ਵਿਚ ਸੰਪੂਰਨ ਕੀਤੀ, ਜਿਸ ਦੀ ਸਹਾਇਤਾ ਨਾਲ ''ਦਸੈਹਰਾ ਮਹਾਤਮ'' ਇਹ ਪੋਥੀ ਛਾਪੀ ਗਈ ਹੈ ।

ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਨਿਹੰਗ ਸਿੰਘ ਜੀ ਦੇ, ੨ ਕੱਤਕ ਸੰਮਤ ੨੦੦੧ ਨੂੰ ਮਨੁਖੀ ਚੋਲਾ ਤਿਆਗਣ ਤੇ, ਇਹਨਾਂ ਦੇ 'ਬਾਲ ਸਖਾਈ ਸਾਥੀ' ਬਾਬਾ ਧਰਮ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ ਨੇ, ਇਸ ਮਰਯਾਦਾ ਨੂੰ ਕਾਇਮ ਰੱਖਿਆ ਅਤੇ ਬੇਅੰਤ ਸਿੰਘਾਂ ਨੂੰ ਵਿਦਿਆ ਪ੍ਰਦਾਨ ਕੀਤੀ, ਜਿਹਾ ਕਿ :–

੧. ਪੰਥ-ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ਅਕਾਲੀ ਨੇ ਕਾਫੀ ਸਾਲਾਂ ਦੇ ਸਮੇਂ ਵਿਚ ਨਾਮ-ਬਾਣੀ, ਸੇਵਾ-ਸਿਮਰਨ ਦਾ ਅਭਿਆਸ ਮਾਤਾ ਜੀ ਦੇ ਅਸਥਾਨ ਸੱਚਖੰਡ ਵਿਖੇ ਕੀਤਾ ਅਤੇ ਮਹਾਂ ਪੁਰਸ਼ਾਂ ਤੋਂ ਬੇਅੰਤ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ।

੨. ਸੰਤ ਦਯਾ ਸਿੰਘ ਜੀ ਗਿਆਨੀ (ਬੁੱਢਾ ਦਲ ਗੁਰਮਤਿ ਵਿਦਿਆਲਾ ਦੇ ਇਨਚਾਰਜ) ਨੇ ਵੀ ਇਹਨਾਂ ਮਹਾਂ ਪੁਰਸ਼ਾਂ ਪਾਸ ਸੇਵਾ-ਸਿਮਰਨ ਕਰਦਿਆਂ ਕਾਫ਼ੀ ਸਮਾਂ ਗੁਜ਼ਾਰਨ ਕੀਤਾ ।

ਪੋਥੀ ਦੇ ਹੋਰ ਉਤਾਰੇ :–੧. ਗੁ: ਤਾੜੀ ਸਾਹਿਬ ਪਾ: ੧੦, (ਸ੍ਰੀ ਚਮਕੌਰ ਸਾਹਿਬ) ਦੇ ਇਤਿਹਾਸਕ ਖੋਜੀ ਗਿ: ਕ੍ਰਿਪਾਲ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ ਨੇ ਬਾਬਾ ਨਿਹਾਲ ਸਿੰਘ ਜੀ ਨਿਹੰਗ ਸਿੰਘ ਪਾਸੋਂ ਕਈ ਉਤਾਰੇ ਕਰਵਾਏ ਅਤੇ ਹੋਰ ਪ੍ਰੇਮੀਆਂ ਨੇ ਵੀ ਉਤਾਰੇ ਕੀਤੇ ।

੨. ਭਾਈ ਹਰਨਾਮ ਸਿੰਘ ਜੀ 'ਸਿੰਧੀ' ਨਿਹੰਗ ਸਿੰਘ ਨੇ ਹੱਥ ਲਿਖਤ ਉਤਾਰਾ ਕਰਕੇ, ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ 'ਅਕਾਲੀ' ਨੂੰ ਭੇਟ ਕੀਤਾ ।

ਪੋਥੀ ਹੱਥ ਲਿਖਤ ਜਾਂ ਛਾਪਣ ਤੇ ਵਿਚਾਰ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ 'ਅਕਾਲੀ' ੯੬ ਕ੍ਰੋੜੀ ਬੁੱਢਾ ਦਲ ਨੇ ਪ੍ਰਚਾਰ ਤੇ ਵਿਚਾਰ ਆਸ਼ੇ ਦੇ ਆਧਾਰ ਤੇ ੫-੬ ਲੱਖ ਰੁਪਏ ਲਾ ਕੇ ਸ੍ਰੀ ਸਰਬ ਲੋਹ ਗ੍ਰੰਥ ਦੀ ਛਪਾਈ ਵਾਸਤੇ (ਬੁੱਢਾ ਦਲ ਪ੍ਰਿੰਟਿੰਗ ਪ੍ਰੈਸ) ਲਾ ਕੇ ਛਾਪ ਕੇ ਭੇਟਾ ਰਹਿਤ ਦੇਣ ਦਾ ਸੰਕਲਪ ਸੰਪੂਰਨ ਕੀਤਾ–ਇਸੇ ਤਰ੍ਹਾਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ''ਸ਼ਸ਼ਤ੍ਰ ਪੂਜਾ-ਪਾਠ'' ਪੜ੍ਹਨ ਸਮੇਂ ਅਧਿਆਇ 'ਪੰਨੇ' ਕੱਢਣ ਵਿਚ ਮੁਸ਼ਕਲ ਨੂੰ ਦੂਰ ਕਰਨ ਲਈ ਹੀ ਪੋਥੀ ਨੂੰ ਹੱਥ ਲਿਖਤ ਜਾਂ ਛਪਵਾਉਣ ਲਈ ਸੰਮਤ ੨੦੩੫ ਮੁਤਾਬਿਕ ਸੰਨ ੧੯੭੮ ਈਸਵੀ ਵਿਸਾਖੀ ਤੇ ਵਿਚਾਰ ਕਰਨ ਵਾਸਤੇ ਪੰਜ ਸਿੰਘ ਨਿਯੁਕਤ ਕੀਤੇ :–

੧. ਗਿ: ਸੁਖਦੇਵ ਸਿੰਘ ਜੀ ਨਿਹੰਗ ਸਿੰਘ (ਹੈਡ ਗ੍ਰੰਥੀ ਬੁੱਢਾ ਦਲ)

੨. ਸੰਤ ਦਯਾ ਸਿੰਘ ਜੀ ਨਿਹੰਗ ਸਿੰਘ (ਬੁੱਢਾ ਦਲ ਗੁਰਮਤਿ ਵਿਦਿਆਲਾ ਦੇ ਇਨਚਾਰਜ)

੩. ਗਿ: ਗੁਰਬਖਸ਼ ਸਿੰਘ ਜੀ ਨਿਹੰਗ ਸਿੰਘ ਗੁ: ਮਾਤਾ ਸਾਹਿਬ ਜੀ (ਮੁਕਟ) ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ)

੪. ਭਾਈ ਹਰਨਾਮ ਸਿੰਘ ਜੀ 'ਸਿੰਧੀ'

੫. ਗਿ: ਕ੍ਰਿਪਾਲ ਸਿੰਘ ਸਾਬਕਾ ''ਲਿਖਾਰੀ'' ਬੁੱਢਾ ਦਲ,

(ੳ) ਸਰਬ ਸੰਮਤੀ ਨਾਲ ਗੁਰਮਤਾ ਪਾਸ ਹੋਇਆ ਕਿ ਹੱਥ ਲਿਖਤਾਂ ਵਿਚ ਦੇਰ ਹੋਵੇਗੀ-ਬੁੱਢਾ ਦਲ ਪ੍ਰਿੰਟਿੰਗ ਪ੍ਰੈਸ ਵਿਚ ਵਧੇਰੇ ਪੋਥੀਆਂ ਛਾਪੀਆਂ ਜਾਵਣ-ਤਾਂ ਜੋ ''ਸ਼ਸ਼ਤ੍ਰ ਪੂਜਾ ਪਾਠ ਬਿਧੀ'' ਦਾ ਵਧੇਰੇ ਪ੍ਰਚਾਰ ਤੇ ਜਾਣਕਾਰੀ ਪ੍ਰਚੱਲਤ ਹੋਵੇ ।

(ਅ) ਇਸ ਕਾਰਜ ਨੂੰ ਸੰਪੂਰਨ ਕਰਨ ਲਈ ਭਾਈ ਰਣਜੋਧ ਸਿੰਘ ਜੀ ਹਜ਼ੂਰੀ ਸੇਵਕ ਬੁੱਢਾ ਦਲ ਖਾਸ ਤੌਰ ਤੇ ਹਰ ਲੋੜ ਪੂਰੀ ਕਰਨ ਲਈ ਸਹਾਇਕ ਹੋਵਣ ਗੇ ।

(ੲ) ਪੋਥੀ ਦੇ ਛਾਪਣ ਤੇ ਸੋਧਣ ਦੀ ਸੇਵਾ (ਗਿ: ਕ੍ਰਿਪਾਲ ਸਿੰਘ 'ਲਿਖਾਰੀ') ਤੇ ਇਹਨਾਂ ਨਾਲ ਸੰਤ ਦਯਾ ਸਿੰਘ ਜੀ ਨਿਬਾਹੁਣ ਗੇ ।

ਪੰਥ ਰਤਨ, ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 'ਅਕਾਲੀ' ਜਥੇਦਾਰ ਬੁੱਢਾ ਦਲ ਜੀ ਨੇ ਇਸ ਗੁਰਮਤੇ ਦੀ ਪ੍ਰਵਾਨਗੀ ਦੇਂਦਿਆਂ ਪੋਥੀ ਛਪਵਾਉਣ ਦਾ ਕੰਮ ਬੁੱਢਾ ਦਲ–ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈਸ· ਗੁਰੂ ਕਾ ਬਾਗ (ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ) ਸ੍ਰੀ ਅਨੰਦਪੁਰ ਸਾਹਿਬ ਜ਼ਿਲ ਰੋਪੜ ਵਿਖੇ ਅਰੰਭ ਕਰਵਾ ਦਿਤਾ । ੧ ਵੈਸਾਖ ਸੰਮਤ ੨੦੩੭ ਬਿਕ੍ਰਮੀ ਮੁਤਾਬਿਕ ੧੩ ਅਪ੍ਰੈਲ ਸੰਨ ੧੯੮੦ ਦਿਨ ਐਤਵਾਰ ਨੂੰ ਪੋਥੀ ਛਪ ਕੇ ਤਿਆਰ ਹੋ ਗਈ ॥

00000

ਦੂਜੀ ਐਡੀਸ਼ਨ ਤੇ ਵਿਸ਼ੇਸ਼ :-

ਮੁਖ-ਬੰਦ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਨਿਵਾਜੇ ਖਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 'ਅਕਾਲੀ' ੯੬ ਕ੍ਰੋੜੀ ਜੀ ਨੇ ਸਤਿਗੁਰੂ ਸਾਹਿਬਾਨ ਦੀ ਪਵਿਤਰ ਬਾਣੀ ਨੂੰ ਸ਼ੁੱਧ ਰੂਪ ਵਿੱਚ ਛਾਪਣ ਦਾ ਨਿਰਣਾ ਲਿਆ ਸੀ, ਜਿਸ ਦੀ ਪੂਰਤੀ ਹਿੱਤ ੯੬ ਕ੍ਰੋੜੀ ਬਾਬਾ ਜੀ ਨੇ ਸੰਨ ੧੯੬੮ ਵਿੱਚ ਸ੍ਰੀ ਅਨੰਦਪੁਰ ਸਾਹਿਬ (ਰੂਪ ਨਗਰ) ਵਿਖੇ ''ਬੁੱਢਾ ਦਲ ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈਸ'' ਦੀ ਸਥਾਪਨਾ ਕੀਤੀ ਜਿਸ ਵਿੱਚ ਸਰਬ ਪ੍ਰਥਮ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਰਚਨਾ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੋ ਹੱਥ ਲਿਖਤ ਰੂਪ ਵਿਚ ਪ੍ਰਮੁੱਖ ਅਸਥਾਨਾਂ ਜਾਂ ਵਿਰਲੇ ਨਿਹੰਗ ਸਿੰਘਾਂ ਪਾਸ ਹੀ ਸੀ, ਨੂੰ ਇਸ ਪ੍ਰੈਸ ਵਿਚ ਛਾਪ ਕੇ ਸੰਗਤਾਂ ਨੂੰ ਮੁਫਤ ਵੰਡਿਆ।

ਸਿੰਘਾਂ ਦੇ ਸੱਚੇ ਸੁੱਚੇ ਇਤਿਹਾਸ ਦੀ ਜਾਣਕਾਰੀ ਲਈ ''ਨਿਹੰਗ ਸਿੰਘ ਸੰਦੇਸ਼'' ਜਾਰੀ ਕੀਤਾ ਜੋ ਇਤਿਹਾਸ ਰਾਹੀਂ ਪੰਥ ਦੀ ਨਿਰੰਤਰ ਸੇਵਾ ਵਿੱਚ ਹੈ। ਖਾਲਸੇ ਦੀ ਪ੍ਰਾਚੀਨ ਮਰਯਾਦਾ ਅਨੁਸਾਰ ਪੜ੍ਹੀ ਜਾਂਦੀ ਬਾਣੀ ਨੂੰ ਇਕੱਤਰ ਕਰਕੇ ਗੁਟਕੇ ਤਿਆਰ ਕੀਤੇ ਅਤੇ ਬੁੱਢਾ ਦਲ ਨਾਲ ਸੰਬੰਧਤ ਅਸਥਾਨਾਂ ਦੇ ਇਤਿਹਾਸ ਛਾਪ ਕੇ ਸੰਗਤਾਂ ਨੂੰ ਵੰਡੇ।

ਗੁਰੂ ਸਾਹਿਬਾਨ ਦੀ ਬਖਸ਼ੀ ਮਰਯਾਦਾ ਅਨੁਸਾਰ ਹੀ ਬੁੱਢਾ ਦਲ ਪੰਜਵਾਂ ਤਖਤ ਹਰ ਰਸਮ ਨਿਭਾਉਂਦਾ ਹੈ। ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬੇਦੀ ਕੁਲ ਵਿੱਚ ਜਨਮ ਲਿਆ, ਇਸ ਕੁਲ ਦੇ ਮੋਢੀ ਸ੍ਰੀ ਰਾਮ ਚੰਦਰ ਜੀ ਦੇ ਵੱਡੇ ਸਪੁੱਤਰ ਸ੍ਰੀ ਲਵ ਜੀ ਤੋਂ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪ੍ਰਥਮ ਰਚਨਾ ਸ੍ਰੀ ਦਸਮ ਗ੍ਰੰਥ ਵਿੱਚ ''ਅਪਨੀ ਕਥਾ'' ਦਾ ਵਰਣਨ ਕਰਨ ਸਮੇਂ ਇਸ ਉਪਰੋਕਤ ਸਚਾਈ ਦਾ ਵਰਣਨ ਕੀਤਾ ਹੈ। ਇਸ ਲਈ ਅਪਨੇ ਬਜ਼ੁਰਗਾਂ ਦੀ ਕਥਾ (ਰਾਮ ਕਥਾ) ਦਾ ਦਸੈਹਰੇ ਤੋਂ ਦਸ ਦਿਨ ਪਹਿਲਾਂ ਨਵਰਾਤਰੇ ਦਿਆਂ ਦਿਨਾਂ ਵਿੱਚ ਪਾਠ ਕਰਦਾ ਹੈ। ਇਸ ਮਰਯਾਦਾ ਨੂੰ ਪੂਰੀ ਕਰਨ ਲਈ ਪੋਥੀ ''ਸ੍ਰੀ ਦਸੈਹਰਾ ਮਹਾਤਮ'' ਜੋ ਹੱਥ ਲਿਖਤ ਹੀ ਸੀ, ਨੂੰ ਆਪਣੀ ਪ੍ਰੈਸ ਵਿੱਚ ਛਾਪਿਆ। ਪਹਿਲੀ ਐਡੀਸ਼ਨ ਤੋਂ ਪ੍ਰਭਾਵਤ ਹੋ ਕੇ ਅਤੇ ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਪ੍ਰਉਪਕਾਰੀ ਜਥੇਦਾਰ ਜੀ ਨੇ ''ਸ੍ਰੀ ਦਸੈਹਰਾ ਮਹਾਤਮ'' ਦੀ ਦੂਜੀ ਐਡੀਸ਼ਨ ਛਾਪੀ, ਜੋ ਆਪ ਜੀ ਦਿਆਂ ਹੱਥਾਂ ਵਿੱਚ ਹੈ। ਪਹਿਲੀ ਐਡੀਸ਼ਨ ਵਿਚ ਰਹੀਆਂ ਅਸ਼ੁਧੀਆਂ ਨੂੰ ਠੀਕ ਕੀਤਾ ਗਿਆ ਹੈ। ਇਸ ਕਾਰਜ ਲਈ ''ਬੁੱਢਾ ਦਲ ਪੰਜਵਾਂ ਤਖਤ '' ਤੋਂ ਵਰੋਸਾਏ ਗਿ: ਬਲਦੇਵ ਸਿੰਘ, ਹਜ਼ੂਰੀ ਰਾਗੀ ਅਤੇ ਐਡੀਟਰ ਇੰਚਾਰਜ ''ਨਿਹੰਗ ਸਿੰਘ ਸੰਦੇਸ਼'' ਦੀ ਡਿਊਟੀ ਲਾਈ ਸੀ ਜਿਸ ਨੂੰ ਇਨ੍ਹਾਂ ਬਾਖੂਬੀ ਨਿਭਾਇਆ ਹੈ।

ਉਜ਼ਲ ਦੀਦਾਰੀ ਜਥੇਦਾਰ ਜੀ ਆਪ ਜੀ ਨੂੰ ਛੇਤੀ ਹੀ ਸ੍ਰੀ ਦਸਮ ਗ੍ਰੰਥ ਸਾਹਿਬ, ਪ੍ਰਕਾਸ਼ ਕਰਨ ਵਾਲੇ ਸਾਈਜ਼ ਵਿੱਚ ਛਾਪ ਕੇ ਭੇਟ ਕਰਨਗੇ

ਅਤੇ ਖਾਲਸੇ ਨਾਲ ਸੰਬੰਧਤ ''ਪ੍ਰਾਚੀਨ ਪੰਥ ਪ੍ਰਕਾਸ਼'' ਦੀ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ 'ਅਕਾਲੀ' ਜੀ ਵਲੋਂ ਕੀਤੀ ਲੜੀਵਾਰ ਕਥਾ ਨੂੰ ਸਟੀਕ ਕਰਕੇ ਛਾਪਿਆ ਜਾਵੇਗਾ। ਉਪਰੋਕਤ ਸਾਰੇ ਕਾਰਜਾਂ ਵਾਸਤੇ ਆਪ ਜੀ ਤੋਂ ਹਰ ਪ੍ਰਕਾਰ ਦੇ ਸਹਿਯੋਗ ਦੀ ਜ਼ਰੂਰਤ ਹੈ:

''ਸ੍ਰੀ ਦਸੈਹਰਾ ਮਹਾਤਮ'' ਦੀ ਦੂਸਰੀ ਐਡੀਸ਼ਨ ਆਪ ਜੀ ਨੂੰ ਸੌਂਪਦਿਆਂ ਪੂਰਨ ਉਮੀਦ ਕਰਦੇ ਹਾਂ ਕਿ ਇਹ ਪੋਥੀ ਜਿੱਥੇ ਪੰਥ ਦੀ ਪ੍ਰਾਚੀਨ ਰੀਤ ਨੂੰ ਜੋ ਕਿ ਸੰਨ ੧੯੧੯ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵੀ ਨਿਭਾਈ ਜਾਂਦੀ ਸੀ, ਨੂੰ ਹੋਰ ਪ੍ਰਚਾਰਤ ਕਰਨ ਲਈ ਸਹਾਇਕ ਹੋਵੇਗੀ ਉੱਥੇ ਸ੍ਰੀ ਦਸਮੇਸ਼ ਬਾਣੀ ਨਾਲ ਪ੍ਰੇਮ ਕਰਨ ਵਾਲੇ ਪ੍ਰੇਮੀ ਜਨ ਵੀ ਲਾਭ ਉਠਾਉਣਗੇ।

ਜਥੇਦਾਰ ਉਦੇ ਸਿੰਘ
ਪ੍ਰਿੰਟਰ ਤੇ ਪਬਲਿਸ਼ਰ ''ਨਿਹੰਗ ਸਿੰਘ ਸੰਦੇਸ਼''

ਕਰਉਂ ਬੇਨੰਤੀਆਂ

ਉਜ੍ਜ੍ਵਲ ਦੀਦਾਰੀ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਅਕਾਲੀ ਜਥੇਦਾਰ ੯੬ ਕ੍ਰੋੜੀ ਬੁੱਢਾ ਦਲ ਪੰਜਵਾਂ ਤਖਤ ਨੇ ਮੈਨੂੰ ਗਰੀਬ ਬੱਚੇ ਨੂੰ ਆਪਣੇ ਹੱਥੀਂ ਸਾਜ ਵਿਦਿਆ ਦਾ ਦਾਨ ਬਖਸ਼ ਕੇ ਆਪਣੀ ਪ੍ਰੈਸ ਵਿੱਚ ਸੇਵਾ ਲਾਈ ਅਤੇ ਸ੍ਰੀ ਦਸੈਹਰਾ ਮਹਾਤਮ ਦੀ ਦੂਜੀ ਐਡੀਸ਼ਨ ਛਾਪਣ ਸਮੇਂ ਛਪਾਈ ਦੀ ਸੁਧਾਈ ਲਈ ਸੇਵਾ ਬਖਸ਼ਿਸ਼ ਕਰਕੇ ਅਸੀਮ ਬਖਸ਼ਿਸ਼ ਕੀਤੀ ਜਿਸ ਲਈ ਦਾਸ ਬਾਬਾ ਜੀ ਦਾ ਕੋਟਾਨ-ਕੋਟ ਧੰਨਵਾਦ ਕਰਕੇ ਭੀ ਰਿਣ ਨਹੀਂ ਉਤਾਰ ਸਕਦਾ।

ਸਰਬ ਉਪਮਾ ਭਰਪੂਰ ਸਾਹਿਬ ਕਲਗੀਧਰ ਪਿਤਾ ਜੀ ਦੀ ਗਿਆਨ ਭਰਪੂਰ ਬਾਣੀ ਦੇ ਸ਼ੁੱਧ ਰੂਪ ਨੂੰ ਤਾਂ ਕਲਗੀਧਰ ਪਾਤਸ਼ਾਹ ਹੀ ਜਾਨਦੇ ਹਨ ਪਰੰਤੂ ਧਾਰਮਿਕ ਵਿਦਿਆ ਸਿੱਖਣ ਸਮੇਂ ਸਤਿਕਾਰ ਯੋਗ ਅਧਿਆਪਕਾਂ ਵਲੋਂ ਦੱਸੇ ਪਦ ਛੇਦ ਪਾਠਾਂ ਵਿਸਰਾਮਾਂ ਅਨੁਸਾਰ ਸੁਧਾਈ ਕਰਨ ਦਾ ਯਤਨ ਕੀਤਾ ਹੈ। ਫਿਰ ਵੀ ਅਸ਼ੁਧੀਆਂ ਰਹਿ ਜਾਣਾ ਸੁਭਾਵਕ ਹੈ। ਇਸ ਲਈ ਬੁੱਧੀ ਜਨ ਰਹੀਆਂ ਅਸ਼ੁਧੀਆਂ ਦੀ ਜਾਣਕਾਰੀ ਦੇਣ ਦੀ ਜ਼ਰੂਰ ਕ੍ਰਿਪਾਲਤਾ ਕਰਨ ਜੀ।

ਆਪਣੇ ਸਹਿਪਾਠੀ ਅਤੇ ਗੁਰਭਾਈ ਭਾਈ ਧਰਮ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਸਮੇਂ ਸਮੇਂ ਲਈ ਸਹਿਯੋਗ ਦੇਣ ਦੀ ਕ੍ਰਿਪਾਲਤਾ ਕੀਤੀ। ਇਨ੍ਹਾਂ ਦੇ ਸਹਿਯੋਗ ਦੀ ਮੈਨੂੰ ਸਦਾ ਹੀ ਜ਼ਰੂਰਤ ਹੈ।

ਪੋਥੀ ਦੀ ਛਪਾਈ ਵੇਲੇ ਕੀਤੀ ਸੁਧਾਈ ਦੇ ਸਭੇ ਗੁਣ ਮੇਰੇ ਪੂਜਨੀਕ ਬਾਬਾ ਜੀ (ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ) ਦੇ ਹਨ ਰਹਿ ਗਈਆਂ ਅਸ਼ੁਧੀਆਂ ਮੇਰੀਆਂ ਆਪਣੀਆਂ।

ਗਿ: ਬਲਦੇਵ ਸਿੰਘ ਐਮ. ਏ.
ਐਡੀਟਰ ਇੰਚਾਰਜ ''ਨਿਹੰਗ ਸਿੰਘ ਸੰਦੇਸ਼''

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਤਤਕਰਾ

ਪੋਥੀ ਸ੍ਰੀ ਦਸੈਹਰਾ ਮਹਾਤਮ

ਤਥਾ

ਸ਼ਸਤਰ ਪੂਜਾ – ਪਾਠ ਬਿਧੀ

ਨੰਬਰ	ਨਾਮ ਧਿਆਇ	ਛੰਦ	ਪਾਠ ਆਰੰਭਕ ਤੁਕਾਂਤ	ਛੰਦ ਦਾ ਅੰਕ ਕਿਥੋਂ ਸ਼ੁਰੂ-ਕਿਥੋਂ ਤੱਕ	ਪੋਥੀ ਦਾ ਪੰਨਾ	ਸ੍ਰੀ ਦਸਮ ਗ੍ਰੰਥ ਸਾਹਿਬ ਪੰਨਾ ੧੪੨੮ ਦੇ ਪੰਨੇ
੧.	ਜਾਪ ਸਾਹਿਬ	ੴ ... ਛਪੈ ਛੰਦ	ਚਕ੍ਰ ਚਿਹਨ ਅਰੁ	੧ ਤੋਂ ੧੯੯	੧ ਤੋਂ ੯	੧ ਤੋਂ ੧੦
੨.	ਅਕਾਲ ਉਸਤਤਿ	(ੳ) ੴ ... ਚੌਪਈ	ਪ੍ਰਣਵੋ ਆਦਿ	੧ ਤੋਂ ੧੦	੧੦ ਤੋਂ ੧੧	੧੧
	" "	(ਅ) ਦੋਹਰਾ	ਏਕ ਸਮੈ ਸ੍ਰੀ ਆਤਮਾ	੨੦੧ ਤੋਂ ੨੩੦	੧੧ ਤੋਂ ੧੩	੩੦ ਤੋਂ ੩੩
	" "	(ੲ) ਪਾਧੜੀ ਛੰਦ	ਅਦ੍ਵੈ ਅਬਿਨਾਸ	੨੬੭ ਤੋਂ ੨੭੧	੧੪	੩੮
੩.	ਬਚਿਤ੍ਰ ਨਾਟਕ	(ੳ) ਤ੍ਵ ਪ੍ਰਸਾਦਿ	ਨਮਸਕਾਰ ਸ੍ਰੀ ਖੜਗ ਕੋ	੧ ਤੋਂ ੧੦੧	੧੫ ਤੋਂ ੨੧	੩੯ ਤੋਂ ੪੬
	" "	(ਅ) ਚੌਪਈ	ਸਰਬ ਕਾਲ	੧ ਤੋਂ ੧੧	੨੧ ਤੋਂ ੨੨	੭੩
੪.	ਚੰਡੀ ਚਰਿਤ੍ਰ ਉਕਤ ਬਿਲਾਸ (ਸਾਰਾ ਪੜ੍ਹਨਾ) (ਪਹਿਲਾ)	ੴ .. ... ਸ੍ਰੈਯਾ	ਆਦਿ ਅਪਾਰ	੧ ਤੋਂ ੨੩੩	੨੩ ਤੋਂ ੪੩	੭੪ ਤੋਂ ੯੯
੫.	ਚੰਡੀ ਚਰਿਤ੍ਰ ਲਿਖਯਤੇ (ਸਾਰਾ ਪੜ੍ਹਨਾ) (ਦੂਜਾ)	ਨਰਾਜ ਛੰਦ	ਮਹਿਖ ਦਦੀਤ	੧ ਤੋਂ ੨੬੨	੪੪ ਤੋਂ ੪੮	੧੦੦ ਤੋਂ ੧੧੯
੬.	ਚੰਡੀ ਦੀ ਵਾਰ (ਸਾਰੀ)	ੴ ..... ਪਉੜੀ	ਸ੍ਰੀ ਭਗਉਤੀ	੧ ਤੋਂ ੫੫	੫੯ ਤੋਂ ੬੫	੧੧੯ ਤੋਂ ੧੨੭
੭.	ਗਿਆਨ ਪ੍ਰਬੋਧ	(ੳ) ਭੁਯੰਗ ਪ੍ਰਯਾਤ ਛੰਦ	ਨਮੋ ਨਾਥ ਪੂਰੇ	੧ ਤੋਂ ੮ ॥੪੭॥	੬੬ ਤੋਂ ੭੦	੧੨੭ ਤੋਂ ੧੩੩
	" "	(ਅ) ਤੋਮਰ ਛੰਦ ॥ ਤ੍ਵਪ੍ਰਸਾਦਿ ॥	ਪੁਨ ਭਏ ਮੁਨੀ	੩੨੦ ਤੋਂ ੩੩੬	੭੧	੧੫੪ ਤੋਂ ੧੫੫

ਨੰਬਰ	ਨਾਮ ਧਿਆਇ	ਛੰਦ	ਪਾਠ ਆਰੰਭਕ ਤੁਕਾਂਤ	ਛੰਦ ਦਾ ਅੰਕ ਕਿਥੋਂ ਸ਼ੁਰੂ-ਕਿਥੋਂ ਤੱਕ	ਪੋਥੀ ਦਾ ਪੰਨਾ	ਸ੍ਰੀ ਦਸਮ ਗ੍ਰੰਥ ਸਾਹਿਬ ਪੰਨਾ ੧੪੨੮ ਦੇ ਪੰਨੇ
੮.	ਅਥ ਚਉਬੀਸ ਅਉਤਾਰ	ਚਉਪਈ	੧ੴ ... ਅਥ ਚਉਬੀਸ	੧ ਤੋਂ ੫੪	੭੨ ਤੋਂ ੭੫	੧੫੫ ਤੋਂ ੧੬੦
੯.	ਰਾਮ ਅਵਤਾਰ	(ੳ) ਕਲਸ	ਮਚੇ ਸੂਰ ਬੀਰੰ	੫੮੮ ਤੋਂ ੬੨੨	੭੬ ਤੋਂ ੭੯	੨੩੪ ਤੋਂ ੨੩੯
	"	(ਅ) ਚੌਪਈ	ਜੋ ਇਹ ਕਥਾ ਸੁਣੇ	੮੫੯ ਤੋਂ ੮੬੪	੭੯	੨੫੪
				੫ ਤੋਂ ੮	੮੦ ਤੋਂ ੮੧	੨੫੪ ਤੋਂ ੨੫੫
੧੦.	ਕ੍ਰਿਸਨਾ ਅਵਤਾਰ	(ੳ) ਚੌਪਈ	ਅਥ ਬਰਨ			
	"	(ਅ) ਭੁਯੰਗ ਪ੍ਰਯਾਤ ਛੰਦ	ਤੁਹੀ ਅਸਤੂਤੀ	੪੨੧ ਤੋਂ ੪੪੦	੮੧ ਤੋਂ ੮੨	੩੦੯ ਤੋਂ ੩੧੦
	"	(ੲ) ਪ੍ਰੇਮ ਕਥਾ ॥ ਚੌਪਈ॥	ਹਰਿ ਕੇ ਸੰਤ ਕਬਦੀ	੨੪੮੦ ਤੋਂ ੨੪੯੨	੮੨ ਤੋਂ ੮੩	੫੬੮ ਤੋਂ ੫੭੦
੧੧.	ਨਿਹਕਲੰਕੀ ਅਵਤਾਰ	(ੳ) ਸ੍ਰੈਯਾ ਛੰਦ	ਪਾਪ ਸੰਬੂਹ ਬਿਨਾਸਨ ਕਉ	੧੪੧ ਤੋਂ ੧੫੬	੮੪ ਤੋਂ ੮੫	੫੮੧ ਤੋਂ ੫੮੩
	"	(ਅ) ਛਪੈ ਛੰਦ	ਲਏ ਸੰਗ ਨ੍ਰਿਪ	੫੪੨ ਤੋਂ ੫੬੨	੮੬ ਤੋਂ ੮੭	੬੦੯ ਤੋਂ ੬੦੯
੧੨.	ਪਾਰਸ ਨਾਥ (ਰੁਦਰ ਅਵਤਾਰ)	(ੳ) ਭੁਜੰਗ ਪ੍ਰਯਾਦ ਛੰਦ	ਬਿਤੇ ਖਰਖ ਦ੍ਵੈ	੨੧ ਤੋਂ ੨੭	੮੮	੬੭੧ ਤੋਂ ੬੭੨
	"	(ਅ) ਮੋਹਨੀ ਛੰਦ	ਜੋ ਦੇਵੀ ਭੇਵੀ	੪੫ ਤੋਂ ੧੫॥੮੬॥	੮੮ ਤੋਂ ੯੧	੬੭੩ ਤੋਂ ੬੭੭
੧੩.	ਰਾਮ ਕਲੀ	ਸ਼ਬਦ ਦਸ (੧੦)	ਰੇ ਮਨ ਐਸੋ ਕਰ	੧ ਤੋਂ ੧੦	੯੨ ਤੋਂ ੯੪	੭੦੯ ਤੋਂ ੭੫੨
੧੪.	ਸ੍ਰੈਯੇ (ਉਪਦੇਸ਼)	੩੩ ਸ੍ਰੈਯੇ	ਜਾਂਗਤ ਜੋਤ ਜਪੈ	੧ ਤੋਂ ੩੩	੯੫ ਤੋਂ ੯੮	੭੧੨ ਤੋਂ ੭੧੬
੧੫.	ਖਾਲਸੇ ਦੀ ਉਸਤਤਿ	੩ ਸ੍ਰੈਯੇ ਤੇ ੧ ਦੋਹਰਾ	ਜੋ ਕਿਛੂ ਲੇਖ	੧ ਤੋਂ ੪	੯੮	੭੧੬ ਤੋਂ ੭੧੭
੧੬.	ਸ਼ਸ਼ਤ੍ਰ ਨਾਮ ਮਾਲਾ	ਦੋਹਰਾ	ਸਾਂਗ ਸਰੋਹੀ	੧ ਤੋਂ ੨੭	੯੯ ਤੋਂ ੧੦੦	੭੧੭ ਤੋਂ ੭੧੮
੧੭.	ਤ੍ਰਿਯਾ ਚਰਿਤ੍ਰ	੧. ਭੁਯੰਗ ਛੰਦ	ਤੁਹੀ ਖੜਗ ਧਾਰਾ	੧ ਤੋਂ ੪੮॥੧॥	੧੦੧ ਤੋਂ ੧੦੪	੮੦੯ ਤੋਂ ੮੧੩
	"	੨. ਦੋਹਰਾ	ਮਹਾਂ ਕਾਲ ਕੀ ਜੋ	੩੬੬ ਤੋਂ ੩੭੬	੧੦੫	੧੩੮੫ ਤੋਂ ੧੩੮੬
	"	੩. ਚੌਪਈ	ਹਮਰੀ ਕਰੋ ਹਾਥ ਦੇ	੩੭੭ ਤੋਂ ੪੦੫	੧੦੬ ਤੋਂ ੧੦੭	੧੩੮੬ ਤੋਂ ੧੩੮੮
੧੮.	ਜ਼ਫਰਨਾਮਹ (ਪਾ: ੧੦)	ਹਿਕਾਯਤ	ਕਮਾਲੇ ਕਰਾਮਾਤ	੧ ਤੋਂ ੧੨	੧੦੮	੧੩੮੯
	"	"	ਬਿਦਿਹ ਸਾਕੀਯਾ ਸਾਗਰੇ	੬੪ ਤੋਂ ੬੫॥੨॥	੧੦੮	੧੩੮੬ ਤੋਂ ੧੩੯੭
	"	"	ਬਿਦਿਹ ਸਾਕੀਯਾ ਸਾਗਰੇ	੫੫ ਤੋਂ ੫੭॥੩॥	੧੦੯	੧੩੯੯
	"	"	ਬਿਦਿਹ ਸਾਕੀਯਾ ਜਾਮ	੧੩੮ ਤੋਂ ੧੩੯॥੪॥	"	੧੪੦੫
	"	"	ਬਿਦਿਹ ਸਾਕੀਯਾ ਪਯਾਲਹ	੫੦ ਤੋਂ ੫੧॥੫॥	"	੧੪੦੮
	"	"	ਬਿਦਿਹ ਸਾਕੀਯਾ ਸਾਗਰੇ	੩੯ ਤੋਂ ੪੦॥੬॥	"	੧੪੧੦
	"	"	ਬਿਦਿਹ ਸਾਕੀਯਾ ਸਾਗਰੇ	੪੮ ਤੋਂ ੪੯॥੭॥	"	੧੪੧੨

ਨੰਬਰ	ਨਾਮ ਅਧਿਆਇ	ਛੰਦ	ਪਾਠ ਆਰੰਭਕ ਤੁਕਾਂਤ	ਛੰਦ ਦਾ ਅੰਕ ਕਿਥੋਂ ਸ਼ੁਰੂ-ਕਿਥੋਂ ਤੱਕ	ਪੋਥੀ ਦਾ ਪੰਨਾ	ਸ੍ਰੀ ਦਸਮ ਗ੍ਰੰਥ ਸਾਹਿਬ ਪੰਨਾ ੧੪੨੮ ਦੇ ਪੰਨੇ
੧੮.	ਜ਼ਫਰਨਾਮਹ (ਪਾ: ੧੦)	ਹਿਕਾਯਤ	ਬਿਦਿਹ ਸਾਕੀਯਾ ਸੁਰਖ	੪੬ ਤੋਂ ੪੭॥੮॥	੧੦੯	੧੪੧੪
	,,	,,	ਬਿਦਿਹ ਸਾਕੀਯਾ ਜਾਮ	੪੩ ਤੋਂ ੪੪॥੯॥	,,	੧੪੧੬
	,,	,,	ਬਿਦਿਹ ਸਾਕੀਯਾ ਸਾਗਰੇ	੧੭੮ ਤੋਂ ੧੭੯ ॥੧੦॥	,,	੧੪੨੪
	,,	,,	ਬਿਦਿਹ ਸਾਕੀਯਾ ਸਾਗਰੇ	੫੯ ਤੋਂ ੬੦॥੧੧॥	,,	੧੪੨੭
	,,	,,	ਬਿਦਿਹ ਸਾਕੀਯਾ ਸਾਗਰੇ	੨੦ ਤੋਂ ੨੧॥੧੨॥	,,	੧੪੨੮

ਨੋਟ :— ਉਪਰੋਕਤ ਪਾਠ ਅੰਕ ੧ ਤੋਂ ੧੮ ਤੱਕ ਨੌ ਦਿਨ—ਅਖੰਡ ਪਤ੍ਰਨਾ—(ਰਾਮਾ ਅਵਤਾਰ ਸਾਰਾ ਹਰ ਰੋਜ਼ ਨਹੀਂ ਪਤ੍ਰਨਾ)

੧੯.	ਰਾਮ ਅਵਤਾਰ	ਚਪਈ	ਅਬ ਮੈਂ ਕਹੌਂ ਰਾਮ	੧ ਤੋਂ ੮੬੪ ਤਕ	੧੧੦ ਤੋਂ ੧੬੪ ਤਕ	੧੮੮ ਤੋਂ ੨੫੪ ਤਕ
੨੦.	ਪਾਠ ਬਿਧੀ	— —	— —	— —	ਤਤਕਰੇ ਤੋਂ ਅਗਲੇ ਪੰਨੇ ਤੇ	— —

ਨੋਟ :—ਰਾਮਾ ਅਵਤਾਰ ਸਾਰਾ ਸਿਰਫ ਦਸੈਹਰੇ ਵਾਲੇ ਦਿਨ ਹੀ ਪਤ੍ਰਨਾ, ਉਪਰੋਕਤ, ੧ ਤੋਂ ੧੮ ਅੰਕ ਦੀਆਂ ਸਾਰੀਆਂ ਬਾਣੀਆਂ ਦਾ ਪਾਠ ਨਹੀਂ ਪਤ੍ਰਨਾ, ਕੇਵਲ ਹੇਠ ਲਿਖੀਆਂ ਬਾਣੀਆਂ :—ਇਸ ਪੋਥੀ ਦੇ ਅੰਕ ੧, ਅੰਕ ੧੭, (ਅ-ੲ) ਅਤੇ ਅੰਕ ੧੩—੧੯ ਦੀਆਂ ਬਾਣੀਆਂ ਕਰਮਵਾਰ ਹੇਠ ਲਿਖੇ ਵੇਰਵੇ ਅਨੁਸਾਰ ਪਤ੍ਰਨੀਆਂ।

੧.	(ਅੰਕ ੧)	ਜਾਪੁ ਸਾਹਿਬ	ਪੋਥੀ	ਪੰਨਾ ੧	ਤੋਂ	੯	ਤਕ
੨.	(ਅੰਕ ੧੭)	ਦੋਹਰਾ :—ਮਹਾਂ ਕਾਲ.....ਤੇ (ਚੌਪਈ) 'ਹਮਰੀ ਕਰੋ ਹਾਥ ਦੇ ਰੱਛਾ ....'	,,	ਪੰਨਾ ੧੦੫	ਤੋਂ	੧੦੯	ਤਕ
੩,	(ਅੰਕ ੧੯)	ਰਾਮਾ ਅਵਤਾਰ ਕਥਾ	,,	ਪੰਨਾ ੧੧੦	ਤੋਂ	੧੬੪	ਤਕ
੪.	(ਅੰਕ ੧੩)	੩੩ ਸ੍ਵੈਯੇ ਤੇ ਅੰਕ ੧ ਤੋਂ ੪ ਤਕ ਪਤ੍ਰ ਭੋਗ ਪਾਉਣਾ	,,	ਪੰਨਾ ੯੫	ਤੋਂ	੯੮	ਤਕ

੫. ਬਾਕੀ ਪੂਰਨ ਪਾਠ ਬਿਧੀ ਇਸੇ ਪੋਥੀ ਦੇ ਤਤਕਰੇ ਤੋਂ ਉਲਟਾਵੇਂ ਪੰਨੇ ਤੇ ਪਤ੍ਰੋ।

ੴ ਸ੍ਰੀ ਅਕਾਲ ਜੀ ਸਹਾਇ ॥

ਸ੍ਰੀ ਦਸੈਹਰਾ ਮਹਾਤਮ-ਸ਼ਸਤ੍ਰ ਪੂਜਾ-ਪਾਠ ਬਿਧੀ

(ੳ) ਪੀਹਲੇ ਨੌਂ ਦਿਨ ਦੀ ਪਾਠ ਬਿਧੀ :-

੧. ਪਾਠ ਦਸੈਹਰੇ ਤੋਂ ਨੌਂ ਦਿਨ ਪਹਿਲਾਂ ਅਸੂ ਦੇ ਪਹਿਲੇ ਨਵਰਾਤਰੇ ਪਿਛਲੇ ਪਹਿਰ ਅਰੰਭ ਕਰਨਾ-ਸਾਰਾ ਪਾਠ ਅਖੰਡ ਪੜ੍ਹਨਾ।

੨. ਸਮਾਂ ਹਰ ਰੋਜ਼ ਪਿਛਲੇ ਪਹਿਰ ਕੋਈ ਵੀ ਨਿਸਚਿਤ ਕਰ ਲਿਆ ਜਾਵੇ ਤੇ ਉਸੇ ਸਮੇਂ ਅਰਦਾਸ ਕਰਕੇ ਪਾਠ ਅਰੰਭ ਕੀਤਾ ਜਾਵੇ।

੩. ਪਾਠ ਦੇ (ਅਰੰਭ) ਆਦਿ - ਮੱਧ - ਅੰਤ (ਸਮਾਪਤੀ) ਤੇ ਕੜਾਹ ਪ੍ਰਸ਼ਾਦਿ, ਸ਼ਹੀਦੀ ਦੇਗ ਕਰਨੀ।

੪. ਬਾਕੀ ਦਿਨਾਂ ਵਿਚ ਸੱਤ ਪ੍ਰਕਾਰ ਦਾ ਮੇਵਾ (ਬਦਾਮ-ਗਰੀ ਖੋਪਾ-ਮੌਂਗੀ-ਛੁਹਾਰੇ-ਲਾਚੀ ਛੋਟੀ-ਲੌਂਗ-ਪਿਸਤਾ) ਪ੍ਰਸ਼ਾਦਿ ਵਰਤਾਉਣਾ।

੫. ਹਰ ਰੋਜ਼ ਪਾਠ ਅਰੰਭ ਤੋਂ ਸਮਾਪਤੀ ਤੱਕ ਧੂਪ-ਅਖੰਡ ਜੋਤ ਜਗਾਣੀ।

੬. ਨੌਂ ਦਿਨ ਅਖੰਡ ਪਾਠ ਪੋਥੀ ਦੇ ਪੰਨਾ ੧ ਤੋਂ ੧੦੯ ਤੱਕ ਹੀ ਪੜ੍ਹਨਾ।

੭. ਪਾਠ ਇਕ ਸਿੰਘ ਜਾਂ ਵਧ ਸਿੰਘ ਵੀ ਕਰ ਸਕਦੇ ਹਨ, ਬਦਲਵੀਂ ਰੌਲ ਰਾਹੀਂ ਕਰ ਸਕਦੇ ਹਨ। ਸਰੀਰਕ ਕ੍ਰਿਆ ਸੁਧ ਹੋਵੇ, (ਜੰਗਲ-ਮੈਦਾਨ ਜਾਣ ਉਪਰੰਤ ਇਸ਼ਨਾਨ ਕਰਕੇ ਤਾਬੇ ਬੈਠ ਪਾਠ ਪੜ੍ਹਨਾ ਬਸਤ੍ਰ ਸ਼ੁੱਛ ਹੋਵਨ।)

(ਅ) ਦਸਵੇਂ ਨਵਰਾਤਰੇ ''ਦਸੈਸਰੇ'' ਵਾਲੇ ਦਿਨ ਦੀ ਬਿਧੀ :-

ਦਸੈਹਰੇ ਵਾਲੇ ਦਿਨ ਹੇਠ ਲਿਖੇ ਅਨੁਸਾਰ ਹੀ ਬਾਣੀਆਂ ਦਾ ਪਾਠ ਪੜ੍ਹਨਾ ਅਤੇ ਉਪਰੋਕਤ ਨੌਂ ਦਿਨ ਦੀ ਬਿਧੀ ਮੁਤਾਬਿਕ ਪੋਥੀ ਦੇ ਪੰਨਾ ੧ ਤੋਂ ੧੦੯ ਤੱਕ ਸਾਰੀਆਂ ਬਾਣੀਆਂ ਦਾ ਪਾਠ ਨਹੀਂ ਕਰਨਾ।

ਕੇਵਲ :- ੧. ਜਾਪ ਸਾਹਿਬ, ਪੋਥੀ ਪੰਨਾ ੧ ਤੋਂ ੬ ਤੱਕ ੨. ਦੋਹਰਾ ॥ ਮਹਾਕਾਲ..... ਪੋਥੀ ਪੰਨਾ ੧੦੫ ਤੋਂ ੧੦੯ ਤੱਕ

੩. ਸਾਰਾ ਰਾਮਾ ਅਵਤਾਰ ,, ,, ੧੧੦ ਤੋਂ ੧੬੪ ਤੱਕ ੪. ੩੩ ਸੈਯੇ ਅਤੇ ੧ ਤੋਂ ੪ ਅੰਕ ਤੱਕ (ਸੈਯੇ ੩) (ਦੋਹਰਾ ੧) ਪੋਥੀ ਪੰਨਾ ੬੫ ਤੋਂ ੬੮ ਤੱਕ। (ਇਹ ਬਾਣੀ ਦਸਮ ਦਾ ਅਨੰਦ ਸਾਹਿਬ ਹੈ) ਦਸਮ ਸਰੂਪ ਦੇ ਅਖੰਡ ਪਾਠ ਜਾਂ ਸਹਿਜ ਪਾਠ ਉਪਰੰਤ ਪੜ੍ਹ ਕੇ ਭੋਗ ਪਾਇਆ ਜਾਵੇ।

੫. ਪਾਠ ਸਮਾਪਤੀ ਉਪਰੰਤ ਆਰਤਾ-ਆਰਤੀ ਕਰ ਅਰਦਾਸ ਕਰਨੀ।

੬. ਰਾਵਨ ਦਾ ਸਿਰ ਕੱਟੇ ਜਾਣ ਸਮੇਂ ਨਾਰੀਏਲ-ਗੰਨਾ ਤੇ ਚੁਟੰਗੇ ਦਾ ਝਟਕਣਾ ਤਿਲਕ ਲਾਉਣਾ।

੭. ਦਸੈਹਰੇ ਵਾਲੇ ਦਿਨ ਪਾਠ ਸਵੇਰੇ ਅਰੰਭ ਕੀਤਾ ਜਾਵੇ, ਪਹਿਲੇ ਨੌਂ ਦਿਨਾਂ ਵਾਂਗ ਪਿਛਲੇ ਪਹਿਰ ਅਰੰਭ ਨਹੀਂ ਕਰਨਾ।

ਅਦਹ ਬਾਸਨਾ ਨਾਹਿ ਪ੍ਰਭ

ਧਰਮ ਜੁੱਧ ਕੇ ਚਾਇ ॥

ੴ

ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤਹ ॥

॥ ਜਾਪੁ ॥

ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥

ਛਪੈ ਛੰਦ ॥ ਤ੍ਵਪ੍ਰਸਾਦਿ ॥ ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥ ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥ ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤ ॥੧॥

ਭੁਜੰਗ ਪ੍ਰਯਾਤ ਛੰਦ ॥ ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥ ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥ ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥ ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥ ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥ ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥ ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੫॥ ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥ ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੬॥ ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥ ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੭॥ ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥ ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥

ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥ ੯ ॥ ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥ ਨਮਸਤੰ ਨਿਰਦੇਸੇ ॥ ਨਮਸਤੰ ਨ੍ਰਿਭੇਸੇ ॥੧੦॥
ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥ ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥ ੧੧ ॥ ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥
ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥ ੧੨ ॥ ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥ ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥ ੧੩ ॥
ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥ ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥ ੧੪ ॥ ਨਮਸਤੰ ਪ੍ਰਭੋਗੇ ॥ ਨਮਸਤੰ ਸੁ ਜੋਗੇ ॥ ਨਮਸਤੰ ਅਰੰਗੇ ॥
ਨਮਸਤੰ ਅਭੰਗੇ ॥ ੧੫ ॥ ਨਮਸਤੰ ਅਗੰਮੇ ॥ ਨਮਸਤੱਸਤੁ ਰੰਮੇ ॥ ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥ ੧੬ ॥ ਨਮਸਤੰ ਅਜਾਤੇ ॥
ਨਮਸਤੰ ਅਪਾਤੇ ॥ ਨਮਸਤੰ ਅਮਜ਼ਬੇ ॥ ਨਮਸਤੱਸਤੁ ਅਜਥੇ ॥ ੧੭ ॥ ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥ ਨਮਸਤੰ ਨ੍ਰਿਧਾਮੇ ॥
ਨਮਸਤੰ ਨ੍ਰਿਬਾਮੇ ॥ ੧੮ ॥ ਨਮੋ ਸਰਬ ਕਾਲੇ ॥ ਨਮੋ ਸਰਬ ਦਜਾਲੇ ॥ ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥ ੧੯ ॥ ਨਮੋ ਸਰਬ ਖਾਪੇ ॥
ਨਮੋ ਸਰਬ ਥਾਪੇ ॥ ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥ ੨੦ ॥ ਨਮਸਤੱਸਤੁ ਦੇਵੇ ॥ ਨਮਸਤੰ ਅਭੇਵੇ ॥ ਨਮਸਤੰ ਅਜਨਮੇ ॥
ਨਮਸਤੰ ਸੁਬਨਮੇ ॥ ੨੧ ॥ ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥ ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥ ੨੨ ॥ ਨਮੋ ਕਾਲ ਕਾਲੇ ॥
ਨਮਸਤੱਸਤੁ ਦਜਾਲੇ ॥ ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥ ੨੩ ॥ ਨਮਸਤੰ ਜਰਾਰੰ ॥ ਨਮਸਤੰ ਕ੍ਰਿਤਾਰੰ ॥ ਨਮੋ ਸਰਬ ਧੰਧੇ ॥
ਨਮੋੱਸਤ ਅਬੰਧੇ ॥ ੨੪ ॥ ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥ ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥ ੨੫ ॥ ਨਮਸਤੰ ਅਨੰਤੇ ॥
ਨਮਸਤੰ ਮਹੰਤੇ ॥ ਨਮਸਤੱਸਤੁ ਰਾਗੇ ॥ ਨਮਸਤੰ ਸੁਹਾਗੇ ॥ ੨੬ ॥ ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥ ਨਮੋ ਸਰਬ ਕਰਤਾ ॥
ਨਮੋ ਸਰਬ ਹਰਤਾ ॥ ੨੭ ॥ ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥ ਨਮੋ ਸਰਬ ਦਜਾਲੇ ॥ ਨਮੋ ਸਰਬ ਪਾਲੇ ॥ ੨੮ ॥

ਚਾਚਰੀ ਛੰਦ ॥ ਤ੍ਵਪ੍ਰਸਾਦਿ ॥ ਅਰੂਪ ਹੈਂ ॥ ਅਨੂਪ ਹੈਂ ॥ ਅਜੂ ਹੈਂ ॥ ਅਭੂ ਹੈਂ ॥ ੨੯ ॥ ਅਲੇਖ ਹੈਂ ॥ ਅਭੇਖ ਹੈਂ ॥
ਅਨਾਮ ਹੈਂ ॥ ਅਕਾਮ ਹੈਂ ॥ ੩੦ ॥ ਅਧੇ ਹੈਂ ॥ ਅਭੇ ਹੈਂ ॥ ਅਜੀਤ ਹੈਂ ॥ ਅਭੀਤ ਹੈਂ ॥ ੩੧ ॥ ਤ੍ਰਿਮਾਨ ਹੈਂ ॥ ਨਿਧਾਨ ਹੈਂ ॥ ਤ੍ਰਿਬਰਗ ਹੈਂ ॥
ਅਸਰਗ ਹੈਂ ॥੩੨॥ ਅਨੀਲ ਹੈਂ ॥ ਅਨਾਦਿ ਹੈਂ ॥ ਅਜੇ ਹੈਂ ॥ ਅਜ਼ਾਦਿ ਹੈਂ ॥੩੩॥ ਅਜਨਮ ਹੈਂ ॥ ਅਬਰਨ ਹੈਂ ॥ ਅਭੂਤ ਹੈਂ ॥ ਅਭਰਨ ਹੈਂ ੩੪॥
ਅਗੰਜ ਹੈਂ ॥ ਅਭੰਜ ਹੈਂ ॥ ਅਝੂਝ ਹੈਂ ॥ ਅਝੰਝ ਹੈਂ ॥ ੩੫ ॥ ਅਮੀਕ ਹੈਂ ॥ ਰਫ਼ੀਕ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥ ੩੬ ॥ ਨ੍ਰਿਬੂਝ ਹੈਂ ॥
ਅਸੂਝ ਹੈਂ ॥ ਅਕਾਲ ਹੈਂ ॥ ਅਜਾਲ ਹੈਂ ॥੩੭॥ ਅਲਾਹ ਹੈਂ ॥ ਅਜਾਹ ਹੈਂ ॥ ਅਨੰਤ ਹੈਂ ॥ ਮਹੰਤ ਹੈਂ ॥੩੮॥ ਅਲੀਕ ਹੈਂ ॥ ਨ੍ਰਿਸ੍ਰੀਕ ਹੈਂ ॥ ਨ੍ਰਿਲੰਭ
ਹੈਂ ॥ਅਸੰਭ ਹੈਂ ॥੩੯॥ ਅਗੰਮ ਹੈਂ ॥ ਅਜੰਮ ਹੈਂ ॥ ਅਭੂਤ ਹੈਂ ॥ ਅਛੂਤ ਹੈਂ ॥੪੦॥ ਅਲੋਕ ਹੈਂ ॥ ਅਸੋਕ ਹੈਂ ॥ ਅਕ੍ਰਮ ਹੈਂ ॥ ਅਭ੍ਰਮ ਹੈਂ ॥੪੧॥
ਅਜੀਤ ਹੈਂ ॥ ਅਭੀਤ ਹੈਂ ॥ ਅਬਾਹ ਹੈਂ ॥ ਅਗਾਹ ਹੈਂ ॥ ੪੨ ॥ ਅਮਾਨ ਹੈਂ ॥ ਨਿਧਾਨ ਹੈਂ ॥ ਅਨੇਕ ਹੈਂ ॥ ਫਿਰ ਏਕ ਹੈਂ ॥ ੪੩ ॥

ਭੁਜੰਗ ਪ੍ਰਯਾਤ ਛੰਦ ॥ ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥ ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥ ੪੪ ॥ ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥ ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥ ੪੫ ॥ ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥ ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥ ੪੬ ॥ ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥ ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥ ੪੭ ॥ ਨਮੋ ਨਿਰਤ ਨਿਰਤੇ ॥ ਨਮੋ ਨਾਦ ਨਾਦੇ ॥ ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥ ੪੮ ॥ ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥ ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥ ੪੯ ॥ ਕਲੰਕੰ ਬਿਨਾ ਨੇਕਲੰਕੀ ਸਰੂਪੇ ॥ ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥੫੦॥ ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ ॥ ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿੱਧੇ ॥੫੧॥ ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥ ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥ ੫੨ ॥ ਅਭੇਖੀ ਅਭਰਮੀ ॥ ਅਭੋਗੀ ਅਭੁਗਤੇ ॥ ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ ॥ ੫੩ ॥ ਨਮੋ ਨਿੱਤ ਨਾਰਾਇਣੇ ॥ ਕ੍ਰੂਰ ਕਰਮੇ ॥ ਨਮੋ ਪ੍ਰੇਤ ਅਪ੍ਰੇਤ ॥ ਦੇਵੇ ਸੁਧਰਮੇ ॥੫੪॥ ਨਮੋ ਰੋਗ ਹਰਤਾ ॥ ਨਮੋ ਰਾਗ ਰੂਪੇ ॥ ਨਮੋ ਸਾਹ ਸਾਹੰ ॥ ਨਮੋ ਭੂਪ ਭੂਪੇ ॥ ੫੫ ॥ ਨਮੋ ਦਾਨ ਦਾਨੇ ॥ ਨਮੋ ਮਾਨ ਮਾਨੇ ॥ ਨਮੋ ਰੋਗ ਰੋਗੇ ॥ ਨਮਸਤੰ ਇਸਨਾਨੰ ॥ ੫੬ ॥ ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥ ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥ ੫੭ ॥ ਸਦਾ ਸੱਚਦਾ ਨੰਦ ॥ ਸਰਬੰ ਪ੍ਰਣਾਸੀ ॥ ਅਨੂਪੇ ਅਰੂਪੇ ॥ ਸਮਸਤੁਲਿ ਨਿਵਾਸੀ ॥ ੫੮ ॥ ਸਦਾ ਸਿੱਧਦਾ ॥ ਬੁੱਧਦਾ ਬ੍ਰਿੱਧ ਕਰਤਾ ॥ ਅਧੋ ਉਰਧ ਅਰਧੰ ॥ ਅਘੰ ਓਘ ਹਰਤਾ ॥ ੫੯ ॥ ਪਰਮ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ ॥ ਸਦਾ ਸਰਬਦਾ ॥ ਸਿੱਧ ਦਾਤਾ ਦਿਆਲੰ ॥੬੦॥ ਅਛੇਦੀ ਅਭੇਦੀ ॥ ਅਨਾਮੰ ਅਕਾਮੰ ॥ ਸਮਸਤੋ ਪਰਾਜੀ ॥ ਸਮਸਤੱਸਤੁ ਧਾਮੰ ॥ ੬੧ ॥

ਤੇਰਾ ਜੋਰੁ ॥ ਚਾਚਰੀ ਛੰਦ ॥ ਜਲੇ ਹੈਂ ॥ ਥਲੇ ਹੈਂ ॥ ਅਭੀਤ ਹੈਂ ॥ ਅਭੇ ਹੈਂ ॥ ੬੨ ॥ ਪ੍ਰਭੂ ਹੈਂ ॥ ਅਜੂ ਹੈਂ ॥ ਅਦੇਸ ਹੈਂ ॥ ਅਭੇਸ ਹੈਂ ॥ ੬੩ ॥

ਭੁਜੰਗ ਪ੍ਰਯਾਤ ਛੰਦ ॥ ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥ ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥ ੬੪ ॥ ਨਮਸਤ੍ਵੰ ਨ੍ਰਿਨਾਥੇ ॥ ਨਮਸਤ੍ਵੰ ਪ੍ਰਮਾਥੇ ॥ ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥ ੬੫ ॥ ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥ ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥ ੬੬ ॥ ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥ ਨਮੋ ਸਾਹ ਸਾਹੇ ॥ ਨਮੋ ਮਾਹ ਮਾਹੇ ॥ ੬੭ ॥ ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥ ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥ ੬੮ ॥ ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥ ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥ ੬੯ ॥ ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥ ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥ ੭੦ ॥ ਨਮੋ ਸਰਬ ਦ੍ਰਿੱਸੰ ॥ ਨਮੋ ਸਰਬ ਕ੍ਰਿੱਸੰ ॥ ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥ ੭੧ ॥ ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥ ਅਖਿੱਜੇ ਅਭਿੱਜੇ ॥ ਸਮਸਤੰ ਪ੍ਰਸਿੱਜੇ ॥

॥ ੭੨ ॥ ਕ੍ਰਿਪਾਲੰ ਸਰੂਪੇ ॥ ਕੁਕਰਮੰ ਪ੍ਰਣਾਸੀ ॥ ਸਦਾ ਸਰਬਦਾ ॥ ਰਿੱਧਿ ਸਿੱਧੰ ਨਿਵਾਸੀ ॥ ੭੩ ॥

ਚਰਪਟ ਛੰਦ ॥ ਤ੍ਵਪ੍ਰਸਾਦਿ ॥ ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥ ਅਖੱਲ ਜੋਗੇ ॥ ਅਚੱਲ ਭੋਗੇ ॥ ੭੪ ॥ ਅਚੱਲ ਰਾਜੇ ॥ ਅਟੱਲ ਸਾਜੇ ॥ ਅਖੱਲ ਧਰਮੰ ॥ ਅਲੱਖ ਕਰਮੰ ॥ ੭੫ ॥ ਸਰਬੰ ਦਾਤਾ ॥ ਸਰਬੰ ਗਿਆਤਾ ॥ ਸਰਬੰ ਭਾਨੇ ॥ ਸਰਬੰ ਮਾਨੇ ॥ ੭੬ ॥ ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ ਸਰਬੰ ਭੁਗਤਾ ॥ ਸਰਬੰ ਜੁਗਤਾ ॥ ੭੭ ॥ ਸਰਬੰ ਦੇਵੰ ॥ ਸਰਬ ਭੇਵੰ ॥ ਸਰਬੰ ਕਾਲੇ ॥ ਸਰਬੰ ਪਾਲੇ ॥ ੭੮ ॥

ਰੂਆਲ ਛੰਦ ॥ ਤ੍ਵਪ੍ਰਸਾਦਿ ॥ ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥ ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥ ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥ ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ ॥ ੭੯ ॥ ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥ ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥ ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥ ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥ ੮੦ ॥ ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥ ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ॥ ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥ ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥ ੮੧ ॥ ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥ ਰੂਪ ਰੰਗ ਨ ਜਾਤ ਪਾਤ ਸੁ ਜਾਨਈ ਕਿਹ ਜੇਬ ॥ ਤਾਤ ਮਾਤ ਨ ਜਾਤ ਜਾਕਰਿ ਜਨਮ ਮਰਨ ਬਿਹੀਨ ॥ ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਈ ਪੁਰ ਤੀਨ ॥ ੮੨ ॥ ਲੋਕ ਚਉਦਹ ਕੇ ਬਿਖੈ ਜਗੁ ਜਾਪਹੀ ਜਿਹ ਜਾਪ ॥ ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਭੈ ਜਿਹ ਥਾਪ ॥ ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖੁ ਅਪਾਰ ॥ ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥ ੮੩ ॥ ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਆਦੇਸ ॥ ਧਰਮ ਧਾਮ ਸੁ ਭਰਮ ਰਹਤ ਅਭੂਤ ਅਲਖ ਅਭੇਸ ॥ ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ॥ ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥ ੮੪ ॥ ਆਪ ਰੂਪ ਅਮੀਕ ਅਨਉਸਤਤਿ ਏਕ ਪੁਰਖ ਅਵਧੂਤ ॥ ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥ ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥ ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥ ੮੫ ॥ ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥ ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ ॥ ਪਰਮ ਬੇਦ ਪੁਰਾਨ ਜਾਕਹਿ ਨੇਤ ਭਾਖਤ ਨਿੱਤ ॥ ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਹੀ ਵਹੁ ਚਿੱਤਿ ॥ ੮੬ ॥

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥ ਗੁਨ ਗਨ ਉਦਾਰ ॥ ਮਹਿਮਾ ਅਪਾਰ ॥ ਆਸਨ ਅਭੰਗ ॥ ਉਪਮਾ ਅਨੰਗ ॥ ੮੭ ॥ ਅਨਭਉ ਪ੍ਰਕਾਸ ॥ ਨਿਸਦਿਨ ਅਨਾਸ ॥ ਆਜਾਨ ਬਾਹੁ ॥ ਸਾਹਾਨ ਸਾਹੁ ॥ ੮੮ ॥ ਰਾਜਾਨ ਰਾਜ ॥ ਭਾਨਾਨ ਭਾਨ ॥ ਦੇਵਾਨ ਦੇਵ ॥

ਉਪਮਾ ਮਹਾਨ ॥ ੮੯ ॥ ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥ ਰੰਕਾਨ ਰੰਕ ॥ ਕਾਲਾਨ ਕਾਲ ॥ ੯੦ ॥ ਅਨਭੂਤ ਅੰਗ ॥ ਆਭਾ ਅਭੰਗ ॥ ਗਤਿ ਮਿਤਿ ਅਪਾਰ ॥ ਗੁਨ ਗਨ ਉਦਾਰ ॥ ੯੧ ॥ ਮੁਨਿ ਗਨਿ ਪ੍ਰਨਾਮ ॥ ਨਿਰਭੈ ਨਿਕਾਮ ॥ ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥੯੨॥ ਆਲਿਸਜ ਕਰਮ ॥ ਆਦ੍ਰਿਸਜ ਧਰਮ ॥ ਸਰਬਾ ਭਰਣਾਢਯ ॥ ਅਨਡੰਡ ਬਾਢਯ ॥ ੯੩ ॥

ਚਾਚਰੀ ਛੰਦ ॥ ਤ੍ਵਪ੍ਰਸਾਦਿ ॥ ਗੋਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥ ੯੪ ॥ ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥ ੯੫ ॥

ਭੁਜੰਗ ਪ੍ਰਯਾਤ ਛੰਦ ॥ ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥ ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥ ੯੬ ॥ ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥ ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥ ੯੭ ॥ ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥ ਚੱਤ੍ਰ ਚੱਕ੍ਰ ਮਾਨਜੈ ॥ ਚੱਤ੍ਰ ਚੱਕ੍ਰ ਦਾਨਜੈ ॥ ੯੮ ॥

ਚਾਚਰੀ ਛੰਦ ॥ ਨ ਸੱਤ੍ਰੇ ॥ ਨ ਮਿੱਤ੍ਰੇ ॥ ਨ ਭਰਮੰ ॥ ਨ ਭਿੱਤ੍ਰੇ ॥ ੯੯ ॥ ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥੧੦੦॥ ਨ ਚਿੱਤ੍ਰੇ ॥ ਨ ਮਿੱਤ੍ਰੇ ॥ ਪਰੇ ਹੈਂ ॥ ਪਵਿੱਤ੍ਰੇ ॥ ੧੦੧ ॥ ਪ੍ਰਿਥੀਸੈ ॥ ਅਦੀਸੈ ॥ ਅਦ੍ਰਿਸੈ ॥ ਅਕ੍ਰਿਸੈ ॥ ੧੦੨ ॥

ਭਗਵਤੀ ਛੰਦ ॥ ਤ੍ਵਪ੍ਰਸਾਦਿ ਕਥਤੇ ॥ ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥ ਕਿ ਆਗੰਜ ਕਰਮੈ ॥ ਕ੍ਰਿ ਆਭੰਜ ਭਰਮੈ ॥ ੧੦੩ ॥ ਕਿ ਆਭਿੱਜ ਲੋਕੈ ॥ ਕਿ ਆਦਿੱਤ ਸੋਕੈ ॥ ਕਿ ਅਵਦੂਤ ਬਰਨੈ ॥ ਕਿ ਬਿਭੂਤ ਕਰਨੈ ॥ ੧੦੪ ॥ ਕਿ ਰਾਜੰ ਪ੍ਰਭਾ ਹੈ ॥ ਕਿ ਧਰਮੰ ਧੁਜਾ ਹੈਂ ॥ ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥ ੧੦੫ ॥ ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥ ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥ ੧੦੬ ॥ ਕਿ ਆਦਿ ਅਦੇਵ ਹੈਂ ॥ ਕਿ ਆਪ ਅਭੇਵ ਹੈਂ ॥ ਕਿ ਚਿਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥ ੧੦੭ ॥ ਕਿ ਰੋਜ਼ੀ ਰਜ਼ਾਕੈ ॥ ਰਹੀਮੈ ਰਿਹਾਕੈ ॥ ਕਿ ਪਾਕ ਬਿਐਬ ਹੈਂ ॥ ਕਿ ਗ਼ੈਬੁਲ ਗ਼ੈਬ ਹੈਂ ॥ ੧੦੮ ॥ ਕਿ ਅਫ਼ਵੂਲ ਗੁਨਾਹ ਹੈਂ ਕਿ ਸਾਹਾਨ ਸਾਹ ਹੈਂ ॥ ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜ਼ੀ ਦਿਹੰਦ ਹੈਂ ॥ ੧੦੯ ॥ ਕਿ ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥ ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥ ੧੧੦ ॥ ਕਿ ਸਰਬਤ੍ਰ ਮਾਨਜੈ ॥ ਕਿ ਸਰਬਤ੍ਰ ਦਾਨਜੈ ॥ ਕਿ ਸਰਬਤ੍ਰ ਗਉਨੈ ॥ ਕਿ ਸਰਬਤ੍ਰ ਭਉਨੈ ॥ ੧੧੧ ॥ ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥ ਕਿ ਸਰਬਤ੍ਰ ਰਾਜੈ ॥ ਕਿ ਸਰਬਤ੍ਰ ਸਾਜੈ ॥ ੧੧੨ ॥ ਕਿ ਸਰਬਤ੍ਰ ਦੀਨੈਂ ॥ ਕਿ ਸਰਬਤ੍ਰ ਲੀਨੈਂ ॥ ਕਿ ਸਰਬਤ੍ਰ ਜਾਹੋ ॥ ਕਿ ਸਰਬਤ੍ਰ ਭਾਹੋ ॥ ੧੧੩ ॥ ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥ ਕਿ ਸਰਬਤ੍ਰ ਕਾਲੈ ॥ ਕਿ ਸਰਬਤ੍ਰ ਪਾਲੈ ॥ ੧੧੪ ॥ ਕਿ ਸਰਬਤ੍ਰ ਹੰਤਾ ॥ ਕਿ ਸਰਬਤ੍ਰ ਗੰਤਾ ॥ ਕਿ ਸਰਬਤ੍ਰ ਭੇਖੀ ॥ ਕਿ ਸਰਬਤ੍ਰ ਪੇਖੀ ॥ ੧੧੫ ॥ ਕਿ ਸਰਬਤ੍ਰ ਕਾਜੈ ॥ ਕਿ ਸਰਬਤ੍ਰ ਰਾਜੈ ॥

ਕਿ ਸਰਬਤ੍ਰ ਸੋਖੈ ॥ ਕਿ ਸਰਬਤ੍ਰ ਪੋਖੈ ॥ ੧੧੬ ॥ ਕਿ ਸਰਬਤ੍ਰ ਤ੍ਰਾਣੈ ॥ ਕਿ ਸਰਬਤ੍ਰ ਪ੍ਰਾਣੈ ॥ ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥ ੧੧੭ ॥
ਕਿ ਸਰਬਤ੍ਰ ਮਾਨਜੈ ॥ ਸਦੈਵੰ ਪ੍ਰਧਾਨਜੈ ॥ ਕਿ ਸਰਬਤ੍ਰ ਜਾਪਜੈ ॥ ਕਿ ਸਰਬਤ੍ਰ ਥਾਪਜੈ ॥ ੧੧੮ ॥ ਕਿ ਸਰਬਤ੍ਰ ਭਾਨੈ ॥ ਕਿ ਸਰਬਤ੍ਰ ਮਾਨੈ ॥
ਕਿ ਸਰਬਤ੍ਰ ਇੰਦ੍ਰੈ ॥ ਕਿ ਸਰਬਤ੍ਰ ਚੰਦ੍ਰੈ ॥ ੧੧੯ ॥ ਕਿ ਸਰਬੰ ਕਲੀਮੈ ॥ ਕਿ ਪਰਮੰ ਫ਼ਹੀਮੈ ॥ ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥
੧੨੦ ॥ ਕਿ ਹੁਸਨੁਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥ ਹਮੇਸੁਲ ਸਲਾਮੈ ॥ ਸਲੀਖ਼ਤ ਮੁਦਾਮੈ ॥ ੧੨੧ ॥ ਗਨੀਮੁਲ ਸ਼ਿਕਸਤੈ ॥
ਗਰੀਮੁਲ ਪਰਸਤੈ ॥ ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜ਼ਮਾਨੈਂ ॥ ੧੨੨ ॥ ਤਮੀਜ਼ੁਲ ਤਮਾਮੈ ॥ ਰੁਜ਼ੂਅਲ ਨਿਧਾਨੈ ॥ ਹਰੀਫ਼ੁਲ ਅਜ਼ੀਮੈ ॥
ਰਜ਼ਾਇਕ ਯਕੀਨੈਂ ॥ ੧੨੩ ॥ ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥ ਅਜ਼ੀਜ਼ੁਲ ਨਿਵਾਜ਼ ਹੈਂ ॥ ਗਨੀਮੁਲ ਖਿਰਾਜ਼ ਹੈਂ ॥ ੧੨੪ ॥
ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤ ਬਿਭੂਤ ਹੈਂ ॥ ਪ੍ਰਭੁਗਤਿ ਪ੍ਰਭਾ ਹੈਂ ॥ ਸੁ ਜੁਗਤਿ ਸੂਧਾ ਹੈਂ ॥ ੧੨੫ ॥ ਸਦੈਵੰ ਸਰੂਪ ਹੈਂ ॥ ਅਭੈਦੀ ਅਨੂਪ ਹੈਂ ॥
ਸਮਸਤੋ ਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥ ੧੨੬ ॥ ਸਮਸਤੁਲ ਸਲਾਮ ਹੈਂ ॥ ਸਦੈਵਲ ਅਕਾਮ ਹੈਂ ॥ ਨ੍ਰਿਬਾਧ ਸਰੂਪ ਹੈਂ ॥
ਅਗਾਧਿ ਹੈਂ ਅਨੂਪ ਹੈਂ ॥ ੧੨੭ ॥ ਓਅੰ ਆਦਿ ਰੂਪੈ ॥ ਅਨਾਦਿ ਸਰੂਪੈ ॥ ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥ ੧੨੮ ॥ ਤ੍ਰਿਬਰਗੀ ਤ੍ਰਿਬਾਧੇ ॥
ਅਗੰਜੇ ਅਗਾਧੇ ॥ ਸੁਭੰ ਸਰਬ ਭਾਗੇ ॥ ਸੁ ਸਰਬਾ ਅਨੁਰਾਗੇ ॥ ੧੨੯ ॥ ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥
ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥ ੧੩੦ ॥ ਨਿਰੁਕਤ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥ ਬਿਭੁਗਤਿ ਸਰੂਪ ਹੈਂ ॥
ਪ੍ਰਜੁਗਤਿ ਅਨੂਪ ਹੈਂ ॥ ੧੩੧ ॥ ਨਿਰੁਕਤ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥ ਅਨਉਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥ ੧੩੨ ॥

ਚਾਚਰੀ ਛੰਦ ॥

ਅਭੰਗ ਹੈਂ ॥ ਅਨੰਗ ਹੈਂ ॥ ਅਭੇਖ ਹੈਂ ॥ ਅਲੇਖ ਹੈਂ ॥ ੧੩੩ ॥ ਅਭਰਮ ਹੈਂ ॥ ਅਕਰਮ ਹੈਂ ॥
ਅਨਾਦਿ ਹੈਂ ॥ ਜੁਗਾਦਿ ਹੈਂ ॥ ੧੩੪ ॥ ਅਜੈ ਹੈਂ ॥ ਅਬੈ ਹੈਂ ॥ ਅਭੂਤ ਹੈਂ ॥ ਅਧੂਤ ਹੈਂ ॥ ੧੩੫ ॥ ਅਨਾਸ ਹੈਂ ॥ ਉਦਾਸ ਹੈਂ ॥ ਅਧੰਧ ਹੈਂ ॥
ਅਬੰਧ ਹੈਂ ॥ ੧੩੬ ॥ ਅਭਗਤ ਹੈਂ ॥ ਬਿਰਕਤ ਹੈਂ ॥ ਅਨਾਸ ਹੈਂ ॥ ਪ੍ਰਕਾਸ ਹੈਂ ॥ ੧੩੭ ॥ ਨਿਚਿੰਤ ਹੈਂ ॥ ਸੁਨਿੰਤ ਹੈਂ ॥ ਅਲਿੱਖ ਹੈਂ ॥
ਅਦਿੱਖ ਹੈਂ ॥ ੧੩੮ ॥ ਅਲੇਖ ਹੈਂ ॥ ਅਭੇਖ ਹੈਂ ॥ ਅਢਾਹ ਹੈਂ ॥ ਅਗਾਹ ਹੈਂ ॥ ੧੩੯ ॥ ਅਸੰਭ ਹੈਂ ॥ ਅਗੰਭ ਹੈਂ ॥ ਅਨੀਲ ਹੈਂ ॥
ਅਨਾਦਿ ਹੈਂ ॥ ੧੪੦ ॥ ਅਨਿੱਤ ਹੈਂ ॥ ਸੁ ਨਿੱਤ ਹੈਂ ॥ ਅਜਾਤ ਹੈਂ ॥ ਅਜਾਦਿ ਹੈਂ ॥ ੧੪੧ ॥

ਚਰਪਟ ਛੰਦ ॥ ਤ੍ਵ ਪ੍ਰਸਾਦਿ ॥

ਸਰਬੰ ਹੰਤਾ ॥ ਸਰਬੰ ਗੰਤਾ ॥ ਸਰਬੰ ਖਿਆਤਾ ॥ ਸਰਬੰ ਗਿਆਤਾ ॥ ੧੪੨ ॥
ਸਰਬੰ ਹਰਤਾ ॥ ਸਰਬੰ ਕਰਤਾ ॥ ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ ੧੪੩ ॥ ਸਰਬੰ ਕਰਮੰ ॥ ਸਰਬੰ ਧਰਮੰ ॥ ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥

ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥

ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥ ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥ ੧੪੫ ॥

ਪ੍ਰਮਾਥੀ ਪ੍ਰਮਾਥੇ ॥ ਸਦਾ ਸਰਬ ਸਾਥੇ ॥ ਅਗਾਧਿ ਸਰੂਪੇ ॥ ਨ੍ਰਿਬਾਧਿ ਬਿਭੂਤੇ ॥ ੧੪੬ ॥ ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥ ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥ ੧੪੭ ॥ ਨ ਪੋਤ੍ਰੇ ਨ ਪੁਤ੍ਰੇ ॥ ਨ ਸਤ੍ਰੇ ਨ ਮਿਤ੍ਰੇ ॥ ਨ ਤਾਤੇ ਨ ਮਾਤੇ ॥ ਨ ਜਾਤੇ ਨ ਪਾਤੇ ॥ ੧੪੮ ॥ ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥ ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥ ੧੪੯ ॥

ਭਗਵਤੀ ਛੰਦ ॥ ਤ੍ਵਪ੍ਰਸਾਦਿ ॥ ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥ ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥ ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨੁਲ ਚਰਾਗ਼ ਹੈਂ ॥ ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥ ੧੫੧ ॥ ਕਿ ਰੋਜ਼ੀ ਦਿਹੰਦ ਹੈ ॥ ਕਿ ਰਾਜ਼ਕ ਰਹਿੰਦ ਹੈਂ ॥ ਕਰੀਮੁਲ ਕਮਾਲ ਹੈਂ ॥ ਕਿ ਹੁਸਨੁਲ ਜਮਾਲ ਹੈਂ ॥ ੧੫੨ ॥ ਗਨੀਮੁਲ ਖਿਰਾਜ ਹੈਂ ॥ ਗਰੀਬੁਲ ਨਿਵਾਜ਼ ਹੈਂ ॥ ਹਰੀਫ਼ੁਲ ਸ਼ਿੰਕਨ ਹੈ ॥ ਹਿਰਾਸੁਲ ਫ਼ਿੰਕਨ ਹੈਂ ॥ ੧੫੩ ॥ ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥ ਅਗੰਜੁਲ ਗਨੀਮ ਹੈਂ ॥ ਰਜ਼ਾਇਕ ਰਹੀਮ ਹੈਂ ॥ ੧੫੪ ॥ ਸਮਸਤੁਲ ਜ਼ੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥ ਕਿ ਨਰਕੰ ਪ੍ਰਣਾਸ ਹੈਂ ॥ ਬਹਿਸ਼ਤੁਲ ਨਿਵਾਸ ਹੈਂ ॥ ੧੫੫ ॥ ਕਿ ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈਂ ॥ ਤਮਾਮੁਲ ਤਮੀਜ਼ ਹੈਂ ॥ ਸਮਸਤੁਲ ਅਜ਼ੀਜ਼ ਹੈਂ ॥ ੧੫੬ ॥ ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥ ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥ ੧੫੭ ॥ ਜ਼ਿਮੀਨੁਲ ਜ਼ਮਾ ਹੈਂ ॥ ਅਮੀਕੁਲ ਇਮਾ ਹੈਂ ॥ ਕਰੀਮੁਲ ਕਮਾਲ ਹੈਂ ॥ ਕਿ ਜ਼ੁਰਅਤਿ ਜਮਾਲ ਹੈਂ ॥ ੧੫੮ ॥ ਕਿ ਅਚਲੰ ਪ੍ਰਕਾਸ ਹੈਂ ॥ ਕਿ ਅਮਿਤੋ ਸੁਬਾਸ ਹੈਂ ॥ ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥ ੧੫੯ ॥ ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥ ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥ ੧੬੦ ॥

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥ ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥ ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥ ਅਨ ਗਨ ਪ੍ਰਨਾਮ ॥ ਮੁਨਿ ਮਨ ਸਲਾਮ ॥ ਹਰਿ ਨਰ ਅਖੰਡ ॥ ਬਰ ਨਰ ਅਮੰਡ ॥ ੧੬੨ ॥ ਅਨਭਵ ਅਨਾਸ ॥ ਮੁਨਿ ਮਨ ਪ੍ਰਕਾਸ ॥ ਗੁਨ ਗਨ ਪ੍ਰਨਾਮ ॥ ਜਲ ਥਲ ਮੁਦਾਮ ॥ ੧੬੩ ॥ ਅਨਛਿਜ ਅੰਗ ॥ ਆਸਨ ਅਭੰਗ ॥ ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥ ੧੬੪॥ ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥ ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥ ੧੬੫ ॥ ਅਨਭਵ ਅਨਾਸ ॥ ਧ੍ਰਿਤਧਰ ਧੁਰਾਸ ॥ ਆਜਾਨ ਬਾਹੁ ॥ ਏਕੈ ਸਦਾਹੁ ॥ ੧੬੬ ॥ ਓਅੰਕਾਰਿ ਆਦਿ ॥ ਕਥਨੀ ਅਨਾਦਿ ॥ ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥੧੬੭॥ ਘਰ ਘਰ ਪ੍ਰਨਾਮ ॥ ਚਿਤ ਚਰਨ ਨਾਮ ॥ ਅਨਛਿੱਜ ਗਾਤ ॥ ਆਜਿਜ਼ ਨ ਬਾਤ ॥ ੧੬੮ ॥ ਅਨਭੰਜ ਗਾਤ ॥ ਅਨਰੰਜ ਬਾਤ ॥ ਅਨਟੁਟ ਭੰਡਾਰ ॥ ਅਨਠਟ ਅਪਾਰ ॥ ੧੬੯ ॥ ਅਡੀਠ ਧਰਮ ॥ ਅਤ ਢੀਠ ਕਰਮ ॥ ਅਣਬ੍ਰਣ ਅਨੰਤ ॥ ਦਾਤਾ ਮਹੰਤ ॥ ੧੭੦ ॥

ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥ ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥ ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥ ੧੭੧ ॥ ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥ ਕਲਿ ਕਾਰਨ ਹੈਂ ॥ ਸਰਬ ਉਬਾਰਨ ਹੈਂ ॥੧੭੨॥ ਧ੍ਰਿਤ ਕੇ ਧਰਨ ਹੈਂ ॥ ਜਗ ਕੇ ਕਰਨ ਹੈਂ ॥ ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥ ੧੭੩ ॥ ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥ ਸਰਬ ਪਾਸਿਯ ਹੈਂ ॥ ਸਰਬ ਨਾਸਿਯ ॥ ੧੭੪ ॥ ਕਰੁਣਾ ਕਰ ਹੈਂ ॥ ਬਿਸ੍ਵੰਭਰ ਹੈਂ ॥ ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥ ੧੭੫ ॥ ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥ ਪਰ ਤੇ ਪਰ ਹੈਂ ॥ ਕਰੁਣਾ ਕਰ ਹੈਂ ॥ ੧੭੬ ॥ ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥ ਅਕ੍ਰਿਤਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥੧੭੭॥ ਅੰਮ੍ਰਿਤਾ ਮ੍ਰਿਤ ਹੈਂ ॥ ਕਰੁਣਾ ਕ੍ਰਿਤ ਹੈਂ ॥ ਅਕ੍ਰਿਤਾ ਕ੍ਰਿਤ ਹੈਂ ॥ ਧਰਣੀ ਧ੍ਰਿਤ ਹੈਂ ॥ ੧੭੮ ॥ ਅਮਿਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥ ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥ ੧੭੯ ॥ ਅਜਥਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥ ਨਰ ਨਾਇਕ ਹੈਂ ॥ ਖਲ ਘਾਇਕ ਹੈਂ ॥੧੮੦॥ ਬਿਸ੍ਵੰਭਰ ਹੈਂ ॥ ਕਰੁਣਾਲਯ ਹੈਂ ॥ ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥ ੧੮੧ ॥ ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥ ਰਿਪੁ ਤਾਪਨ ਹੈਂ ॥ ਜਪ ਜਾਪਨ ਹੈਂ ॥ ੧੮੨ ॥ ਅਕਲੰ ਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥ ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥ ੧੮੩ ॥ ਪਰਮਾਤਮ ਹੈਂ ॥ ਸਰਬਾਤਮ ਹੈਂ ॥ ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥ ੧੮੪ ॥

ਭੁਜੰਗ ਪ੍ਰਯਾਤ ਛੰਦ ॥ ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥ ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥ ਨਮੋ ਅੰਧਕਾਰੇ ਨਮੋ ਤੇਜ ਤੇਜੇ ॥ ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥ ੧੮੫ ॥ ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥ ਨਮੋ ਪਰਮ ਤੱਤੰ ਅਤੱਤੰ ਸਰੂਪੇ ॥ ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥ ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥ ੧੩੬ ॥ ਨਮੋ ਜੁੱਧ ਜੁੱਧੇ ਨਮੋ ਗਿਆਨ ਗਿਆਨੇ ॥ ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥ ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥ ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥ ੧੮੭ ॥ ਕਲੰਕਾਰ ਰੂਪੇ ਅਲੰਕਾਰ ਅਲੰਕੇ ॥ ਨਮੋ ਆਸ ਆਸੇ ਨਮੋ ਬਾਂਕ ਬੰਕੇ ॥ ਅਭੰਗੀ ਸਰੂਪੇ ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥ ੧੮੮ ॥

ਏਕ ਅਛਰੀ ਛੰਦ ॥ ਅਜੈ ॥ ਅਲੈ ॥ ਅਭੈ ॥ ਅਬੈ ॥ ੧੮੯ ॥ ਅਭੂ ॥ ਅਜੂ ॥ ਅਨਾਸ ॥ ਅਕਾਸ ॥ ੧੯੦ ॥ ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥ ੧੯੧ ॥ ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥ ੧੯੨ ॥ ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥ ੧੮੩ ॥ ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥ ੧੯੪ ॥ ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥ ੧੯੫ ॥ ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥ ੧੯੬ ॥

ਭੁਜੰਗ ਪ੍ਰਯਾਤ ਛੰਦ ॥

ਨਮਸਤੁਲ ਪ੍ਰਨਾਮੇ ਸਮਸਤੁਲ ਪ੍ਰਣਾਸੇ ॥ ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥ ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥ ੧੯੭ ॥ ਸਦਾ ਸਚਦਾਨੰਦ ਸਤ੍ਰੰ ਪ੍ਰਣਾਸੀ ॥ ਕਰੀਮੁਲ ਕੁਨਿੰਦਾ
ਸਮਸਤੁਲ ਨਿਵਾਸੀ ॥ ਅਜਾਇਬ ਬਿਭੂਤੇ ਗਜਾਇਬ ਗਨੀਮੇ ॥ ਹਰੀਅੰ ਕਰੀਅੰ
ਕਰੀਮੁਲ ਰਹੀਮੇ ॥ ੧੯੮ ॥ ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥ ਦੁਕਾਲੰ ਪ੍ਰਣਾਸੀ
ਦਇਆਲੰ ਸਰੂਪੇ ॥ ਸਦਾ ਅੰਗ ਸੰਗੇ
ਅਭੰਗੀ ਬਿਭੂਤੇ ॥ ੧੯੯ ॥

ਅਵਰ ਬਾਸਨਾ ਨਾਹਿ ਪੂਤ

ਧਰਮ ਜੁੱਧ ਕੇ ਚਾਇ ॥

ੴ

ਸਤਿਗੁਰ ਪ੍ਰਸਾਦਿ ॥

ਉਤਾਰ ਖਾਸੇ ਦਸਖਤ ਕਾ

ਪਾਤਿਸ਼ਾਹੀ ੧੦ ॥

ਅਕਾਲ ਪੁਰਖ ਕੀ ਰੱਛਾ ਹਮਨੈ ॥ ਸਰਬ ਲੋਹ ਦੀ ਰੱਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥

ਆਗੇ ਲਿਖਾਰੀ ਕੇ ਦਸਖਤ

ਤ੍ਵਪ੍ਰਸਾਦਿ ॥ ਚਉਪਈ ॥ ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥
ਆਦਿ ਪੁਰਖੁ ਅਬਗਤ ਅਬਿਨਾਸੀ ॥ ਲੋਕ ਚੱਤ੍ਰਦਸ ਜੋਤਿ ਪ੍ਰਕਾਸੀ ॥੧॥ ਹਸਤ ਕੀਟ ਕੇ ਬੀਚ ਸਮਾਨਾ ॥
ਰਾਵ ਰੰਕ ਜਿਹ ਇਕ ਸਰ ਜਾਨਾ ॥ ਅਦ੍ਵੈ ਅਲਖ ਪੁਰਖੁ ਅਬਿਗਾਮੀ ॥ ਸਭ ਘਟ ਘਟ ਕੇ ਅੰਤਰਜਾਮੀ ॥੨॥ ਅਲਖ ਰੂਪ ਅੱਛੈ ਅਨਭੇਖਾ ॥
ਰਾਗ ਰੰਗ ਜਿਹ ਰੂਪ ਨ ਰੇਖਾ ॥ ਬਰਨ ਚਿਹਨ ਸਭਹੂੰ ਤੇ ਨਿਆਰਾ ॥ ਆਦਿ ਪੁਰਖੁ ਅਦ੍ਵੈ ਅਬਿਕਾਰਾ ॥੩॥
ਬਰਨ ਚਿਹਨ ਜਿਹ ਜਾਤ ਨ ਪਾਤਾ ॥ ਸੱਤ੍ਰੁ ਮਿਤਰ ਜਿਹ ਤਾਤ ਨ ਮਾਤਾ ॥ ਸਭ ਤੇ ਦੂਰਿ ਸਭਨ ਤੇ ਨੇਰਾ ॥
ਜਲ ਥਲ ਮਹੀਅਲ ਜਾਹਿ ਬਸੇਰਾ ॥੪॥ ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸਰਨ ਜਿਹ ਬਸਤ ਭਵਾਨੀ ॥
ਬ੍ਰਹਮਾ ਬਿਸਨ ਅੰਤੁ ਨਹੀ ਪਾਇਓ ॥ ਨੇਤ ਨੇਤ ਮੁਖ ਚਾਰ ਬਤਾਇਓ ॥੫॥ ਕੋਟਿ ਇੰਦ੍ਰ ਉਪਇੰਦ੍ਰ ਬਨਾਏ ॥

ਬ੍ਰਹਮਾ ਰੁਦ੍ਰ ਉਪਾਏ ਖਪਾਏ ॥ ਲੋਕ ਚੱਤ੍ਰ ਦਸ ਖੇਲ ਰਚਾਇਓ ॥ ਬਹੁਰ ਆਪ ਹੀ ਬੀਚ ਮਿਲਾਇਓ ॥ ੬ ॥ ਦਾਨਵ ਦੇਵ ਫਨਿੰਦ ਅਪਾਰਾ ॥ ਗੰਧ੍ਰਬ ਜੱਛ ਰਚੇ ਸੁਭ ਚਾਰਾ ॥ ਭੂਤ ਭਵਿੱਖ ਭਵਾਨ ਕਹਾਨੀ ॥ ਘਟ ਘਟ ਕੇ ਪਟ ਪਟ ਕੀ ਜਾਨੀ ॥ ੭ ॥ ਤਾਤ ਮਾਤ ਜਿਹ ਜਾਤ ਨ ਪਾਤਾ ॥ ਏਕ ਰੰਗ ਕਾਹੂ ਨਹੀ ਰਾਤਾ ॥ ਸਰਬ ਜੋਤ ਕੇ ਬੀਚ ਜਮਾਨਾ ॥ ਸਭਹੂੰ ਸਰਬ ਠੌਰ ਪਹਿਚਾਨਾ ॥ ੮ ॥ ਕਾਲ ਰਹਤ ਅਨਕਾਲ ਸਰੂਪਾ ॥ ਅਲਖ ਪੁਰਖੁ ਅਬਗਤ ਅਵਧੂਤਾ ॥ ਜਾਤ ਪਾਤ ਜਿਹ ਚਿਹਨ ਨ ਬਰਨਾ ॥ ਅਬਗਤ ਦੇਵ ਅਛੈ ਅਨਭਰਮਾ ॥ ੯ ॥ ਸਭ ਕੋ ਕਾਲ ਸਭਨ ਕੋ ਕਰਤਾ ॥ ਰੋਗ ਸੋਗ ਦੋਖਨ ਕੋ ਹਰਤਾ ॥ ਏਕ ਚਿੱਤ੍ਰ ਜਿਹ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥ ੧੦ ॥

ਤ੍ਵ ਪ੍ਰਸਾਦਿ ॥ ਦੋਹਰਾ ॥ ਏਕ ਸਮੈ ਸ੍ਰੀ ਆਤਮਾ ਉਚਰਿਓ ਮਤ ਸਿਉ ਬੈਨ ॥ ਸਭ ਪ੍ਰਤਾਪ ਜਗਦੀਸ ਕੋ ਕਹੋ ਸਗਲ ਬਿਧ ਤੈਨ ॥੧॥੨੦੧॥ ਦੋਹਰਾ ॥ ਕੋ ਆਤਮਾ ਸਰੁਪ ਹੈ ਕਹਾ ਸ੍ਰਿਸਟ ਕੋ ਬਿਚਾਰ ॥ ਕਉਨ ਧਰਮ ਕੋ ਕਰਮ ਹੈ ਕਹੋ ਸਗਲ ਬਿਸਥਾਰ ॥ ੨॥੨੦੨॥ ਦੋਹਰਾ ॥ ਕਹ ਜੀਤਬ ਕਹ ਮਰਨ ਹੈ ਕਵਨ ਸੁਰਗ ਕਹ ਨਰਕ ॥ ਕੋ ਸੁਘਤਾ ਕੋ ਮੂੜਤਾ ਕਹਾ ਤਰਕ ਅਵਤਰਕ ॥੩॥੨੦੩॥ਦੋਹਰਾ॥ ਕੋ ਨਿੰਦਾ ਜਸ ਹੈ ਕਵਨ ਕਵਨ ਪਾਪ ਕਹ ਧਰਮ ॥ ਕਵਨ ਜੋਗ ਕੋ ਭੋਗ ਹੈ ਕਵਨ ਕਰਮ ਅਪਕਰਮ ॥ ੪ ॥ ੨੦੪ ॥ ਦੋਹਰਾ ॥ ਕਹੋ ਸੁ ਸਮ ਕਾ ਸੋ ਕਹੈ ਦਮ ਕੋ ਕਹਾ ਕਹੰਤ ॥ ਕੋ ਸੂਰਾ ਦਾਤਾ ਕਵਨ ਕਹੋ ਤੰਤ ਕੋ ਮੰਤ ॥ ੫ ॥ ੨੦੫ ॥ ਦੋਹਰਾ ॥ ਕਹਾ ਰੰਕ ਰਾਜਾ ਕਵਨ ਹਰਖ ਸੋਗ ਹੈ ਕਵਨ ॥ ਕੋ ਰੋਗੀ ਰਾਗੀ ਕਵਨ ਕਹੋ ਤੱਤ ਮੁਹਿ ਤਵਨ ॥ ੬ ॥ ੨੦੬ ॥ ਦੋਹਰਾ ॥ ਕਵਨ ਰਿਸਟ ਕੋ ਪੁਸਟ ਹੈ ਕਹਾ ਸ੍ਰਿਸਟ ਕੋ ਬਿਚਾਰ ॥ ਕਵਨ ਸ੍ਰਿਸਟ ਕੋ ਭ੍ਰਿਸਟ ਹੈ ਕਹੋ ਸਕਲ ਬਿਸਥਾਰ ॥ ੭ ॥ ੨੦੭ ॥ ਦੋਹਰਾ ॥ ਕਹਾ ਕਰਮ ਕੋ ਕਰਮ ਹੈ ਕਹਾ ਭਰਮ ਕੋ ਨਾਸ ॥ ਕਹਾ ਚਿਤਨ ਕੀ ਚੇਸਟਾ ਕਹਾ ਅਚੇਤ ਪ੍ਰਕਾਸ ॥ ੮ ॥ ੨੦੮ ॥ ਦੋਹਰਾ ॥ ਕਹਾ ਨੇਮ ਸੰਜਮ ਕਹਾ ਕਹਾ ਗਿਆਨ ਅਗਿਆਨ ॥ ਕੋ ਰੋਗੀ ਸੋਗੀ ਕਵਨ ਕਹਾ ਧਰਮ ਕੀ ਹਾਨ ॥ ੯ ॥ ੨੦੯ ॥ ਦੋਹਰਾ ॥ ਕੋ ਸੂਰਾ ਸੁੰਦਰ ਕਵਨ ਕਹਾ ਜੋਗ ਕੋ ਸਾਰ ॥ ਕੋ ਦਾਤਾ ਗਿਆਨੀ ਕਵਨ ਕਹੋ ਬਿਚਾਰ ਅਬਿਚਾਰ ॥ ੧੦ ॥ ੨੧੦ ॥

ਤ੍ਵ ਪ੍ਰਸਾਦਿ ॥ ਦੀਰਘ ਤ੍ਰਿਭੰਗੀ ॥ ਦੁਰਜਨ ਦਲ ਦੰਭਣ ਅਸੁਰ ਬਿਹੰਡਣ ਦੁਸਟ ਨਿਕੰਦਣ ਆਦਿ ਬ੍ਰਿਤੇ ॥ ਚਛਰਾਸੁਰ ਮਾਰਣ ਪਤਤ ਉਧਾਹਣ ਨਰਕ ਨਿਵਾਰਣ ਗੂਤ ਗਤੇ ॥ ਅਛੈ ਅਖੰਡੇ ਤੇਜ ਪ੍ਰਚੰਡੇ ਖੰਡ ਉਦੰਡੇ ਅਲਖ ਮਤੇ ॥ ਜੈ ਜੈ ਹੋਸੀ ਮਹਖਾਸੁਰ ਮਰਦਨ

ਰੰਮ ਕਪਰਦਨ ਛਤ੍ਰ ਛਿਤੇ ॥ ੧ ॥ ੨੧੧ ॥ ਅਸੁਰੀ ਬਿਹੰਡਣ ਦੁਸਟ ਨਿਕੰਦਨ ਪੁਸਟ ਉਦੰਡਣ ਰੂਪ ਅਤੇ ॥ ਚੰਡਾਸੁਰ ਚੰਡਣ ਮੁੰਡ ਬਿਹੰਡਣ ਧੂਮ੍ਰ ਬਿਧੁੰਸਣ ਮਹਖ ਮਥੇ ॥ ਦਾਨਵ ਪ੍ਰਹਾਰਣ ਨਰਕ ਨਿਵਾਰਣ ਅਧਮ ਉਧਾਰਨ ਉਰਧ ਅਧੇ ॥ ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਨ ਆਦਿ ਬ੍ਰਿਤੇ ॥ ੨ ॥ ੨੧੨ ॥ ਡਾਵਰੂ ਡਵੰਕੈ ਬਬਰ ਬਵੰਕੈ ਭੁਜਾ ਫਰੰਕੈ ਤੇਜ ਬਰੰ ॥ ਲੰਕੁੜੀਆ ਫਾਧੈ ਆਯੁਧ ਬਾਧੈ ਸੈਨ ਬਿਮਰਦਨ ਕਾਲ ਅਸੁਰੰ ॥ ਅਸਟਾਇਧ ਚਮਕੈ ਭੂਖਣ ਦਮਕੈ ਅਤਿ ਸਿਤ ਝਮਕੈ ਫੂੰਕ ਫਨੰ ॥ ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਨ ਦੈਤ ਜਿਣੰ ॥ ੩ ॥ ੨੧੩ ॥ ਚੰਡਾਸੁਰ ਚੰਡਣ ਮੁੰਡ ਬਿਮੁੰਡਣ ਖੰਡ ਅਖੰਡਣ ਖੂਨ ਖਿਤੇ ॥ ਦਾਮਨੀ ਦਮੰਕਣ ਭੁਜਾ ਫਰੰਕਣ ਫਣੀ ਫੁਕਾਰਣ ਜੋਧ ਜਿਤੇ ॥ ਸਰ ਧਾਰ ਬਿਬਰਖਣ ਦੁਸਟ ਪ੍ਰਕਰਖਣ ਪੁਸਟ ਪ੍ਰਹਰਖਣ ਦੁਸਟ ਮਥੇ ॥ ਜੈ ਜੈ ਹੋਸੀ ਮਹਖਾਸੁਰ ਮਰਦਨ ਭੂਮ ਅਕਾਸ ਤਲ ਉਰਧ ਅਧੇ ॥੪॥ ੨੧੪ ॥ ਦਾਮਨੀ ਪ੍ਰਹਾਸਨ ਸੁ ਛਬ ਨਿਵਾਸਨ ਸ੍ਰਿਸਟ ਪ੍ਰਕਾਸਨ ਗੂੜ ਗਤੇ ॥ ਰਕਤਾਸੁਰ ਆਚਨ ਜੁਧ ਪ੍ਰਮਾਚਨ ਨ੍ਰਿਦੈ ਨਰਾਚਨ ਧਰਮ ਬ੍ਰਿਤੇ ॥ ਸ੍ਰੋਣੰਤ ਅਚਿੰਤੀ ਅਨਲ ਬਿਵੰਤੀ ਜੋਗ ਜਯੰਤੀ ਖੜਗ ਧਰੇ ॥ ਜੈ ਜੈ ਹੋਸੀ ਮਹਖਾਸੁਰ ਮਰਦਨ ਪਾਪ ਬਿਨਾਸਨ ਧਰਮ ਕਰੇ ॥ ੫ ॥ ੨੧੫ ॥ ਅਘ ਓਘ ਨਿਵਾਰਨ ਦੁਸਟ ਪ੍ਰਜਾਰਨ ਸ੍ਰਿਸਟ ਉਬਾਰਨ ਸੁਧ ਮਤੇ ॥ ਫਣੀਅਰ ਫੂੰਕਾਰਣ ਬਾਘ ਬਕਾਰਣ ਸਸਤ੍ਰ ਪ੍ਰਹਾਰਣ ਸਾਧ ਮਤੇ ॥ ਸੈਹਥੀ ਸਨਾਹਨ ਅਸਟ ਪ੍ਰਬਾਹਨ ਬੋਲ ਨਿਬਾਹਨ ਤੇਜ ਅਤੁਲੰ ॥ ਜੈ ਜੈ ਹੋਸੀ ਮਹਖਾਸੁਰ ਮਰਦਨ ਭੂਮ ਅਕਾਸ ਪਤਾਲ ਜਲੰ ॥੬॥੨੧੬॥ ਚਾਚਰ ਚਮਕਾਰਨ ਚਿਛੁਰ ਹਾਰਨ ਧੂਮ ਧੁਕਾਰਨ ਦ੍ਰਪ ਮਥੇ ॥ ਦਾੜਵੀ ਪ੍ਰਦੰਤੇ ਜੋਗ ਜਯੰਤੇ ਮਨੁਜੁ ਮਥੰਤੇ ਗੂੜ ਕਥੇ ॥ ਕਰਮ ਪ੍ਰਣਾਸਨ ਚੰਦ ਪ੍ਰਕਾਸਨ ਸੂਰਜ ਪ੍ਰਤੇਜਨ ਅਸਟ ਭੁਜੇ ॥ ਜੈ ਜੈ ਹੋਸੀ ਮਹਖਾਸੁਰ ਮਰਦਨ ਭਰਮ ਬਿਨਾਸਨ ਧਰਮ ਧੁਜੇ ॥ ੭ ॥ ੨੧੭ ॥ ਘੁੰਘਰੂ ਘਮੰਕਣ ਸਸਤਰ ਝਮੰਕਣ ਫਣੀਅਰ ਫੁਕਾਰਣ ਧਰਮ ਧੁਜੇ ॥ ਅਸਟਾਟ ਪ੍ਰਹਾਸਨ ਸ੍ਰਿਸਟ ਨਿਵਾਸਨ ਦੁਸਟ ਪ੍ਰਣਾਸਨ ਚਕ੍ਰ ਗਤੇ ॥ ਕੇਸਰੀ ਪ੍ਰਵਾਹੇ ਸੁਧ ਸਨਾਹੇ ਅਗਮ ਅਥਾਹੇ ਏਕ ਬ੍ਰਿਤੇ ॥ ਜੈ ਜੈ ਹੋਸੀ ਮਹਖਾਸੁਰ ਮਰਦਨ ਆਦਿ ਕੁਮਾਰ ਅਗਾਧ ਬ੍ਰਿਤੇ ॥ ੮ ॥ ੨੧੮ ॥ ਸੁਰ ਨਰ ਮੁਨ ਬੰਦਨ ਦੁਸਟ ਨਿਕੰਦਨ ਭ੍ਰਿਸਟ ਬਿਨਾਸਨ ਮ੍ਰਿਤ ਮਥੇ ॥ ਕਾਵਰੂ ਕੁਮਾਰੇ ਅਧਮ ਉਧਾਰੇ ਨਰਕ ਨਿਵਾਰੇ ਆਦਿ ਕਥੇ ॥ ਕਿੰਕਣੀ ਪ੍ਰਸੋਹਣ ਸੁਰ ਨਰ ਮੋਹਣ ਸਿੰਘਾ ਰੋਹਣ ਬਿਤਲ ਤਲੇ ॥ ਜੈ ਜੈ ਹੋਸੀ ਸਭ ਠਉਰ ਨਿਵਾਸਨ ਬਾਇ ਪਤਾਲ ਅਕਾਸ ਅਨਲੇ ॥ ੯ ॥ ੨੧੯ ॥ ਸੰਕਟੀ ਨਿਵਾਰਨ ਅਧਮ ਉਧਾਰਨ ਤੇਜ ਪਰਕ੍ਰਖਣ ਤੁੰਦ ਤਬੇ ॥ ਦੁਖ ਦੋਖ ਦਹੰਤੀ ਜੁਆਲ ਜਯੰਤੀ ਆਦਿ ਅਨਾਦਿ ਅਗਾਧਿ ਅਛੇ ॥ ਸੁਧਤਾ ਸਮਰਪਣ ਤਰਕ ਬਿਤਰਕਣ ਤਪਤ ਪ੍ਰਤਾਪਣ ਜਪਤ ਜਿਵੇ ॥ ਜੈ ਜੈ ਹੋਸੀ ਸਸਤ੍ਰ ਪ੍ਰਕਰਖਣ ਆਦਿ ਅਨੀਲ ਅਗਾਧ ਅਭੇ ॥ ੧੦ ॥ ੨੨੦ ॥ ਚੰਚਲਾ ਚਖੰਗੀ ਅਲਕ ਭੁਜੰਗੀ ਤੁੰਦ ਤੁਰੰਗਣ ਤਿੱਛ ਸਰੇ ॥ ਕਰ ਕਸਾ ਕੁਠਾਰੇ ਨਰਕ ਨਿਵਾਰੇ ਅਧਮ ਉਧਾਰੇ ਤੂਰ ਭੁਜੇ ॥ ਦਾਮਨੀ ਦਮੰਕੇ ਕੇਹਰ ਲੰਕੇ ਆਦਿ ਅਤੰਕੇ ਕ੍ਰੂਰ ਕਥੇ ॥ ਜੈ ਜੈ ਹੋਸੀ ਰਕਤਾਸੁਰ ਖੰਡਣਿ ਸੁੰਭ ਚਕ੍ਰਤ ਨਿਸੁੰਭ ਮਥੇ ॥ ੧੧ ॥ ੨੨੧ ॥ ਬਾਰਜ ਬਿਲੋਚਨਿ

ਬ੍ਰਿਤਨ ਬਿਮੋਚਨ ਸੋਚ ਬਿਸੋਚਨ ਕਉਚ ਕਸੇ ॥ ਦਾਮਨੀ ਪ੍ਰਹਾਸੇ ਸੁਕ ਸਰ ਨਾਸੇ ਸੁਬ੍ਰਿਤ ਸੁਬਾਸੇ ਦੁਸਟ ਗ੍ਰਸੇ ॥ ਚੰਚਲਾ ਪ੍ਰਅੰਗੀ ਬੇਦ ਪ੍ਰਸੰਗੀ ਤੇਜ ਤੁਰੰਗੀ ਖੰਡ ਅਸੁਰੰ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧ ਉਰਧੰ ॥ ੧੨ ॥ ੨੨੨ ॥ ਘੰਟਕਾ ਬਿਰਾਜੈ ਰੁਣ ਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ ॥ ਕੋਕਲ ਸੁਨ ਲਾਜੈ ਕਿਲ ਬਿਖ ਭਾਜੈ ਸੁਖ ਊਪਰਾਜੈ ਮਧ ਉਰੰ ॥ ਦੁਰਜਨ ਦਲ ਦੱਝੈ ਮਨ ਤਨ ਰਿੱਝੈ ਸਭੈ ਨ ਭੱਜੈ ਰੋਹ ਰਣੰ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਚੰਡ ਚਕ੍ਰਦਨ ਆਦਿ ਗੁਰੰ ॥ ੧੩ ॥ ੧੨੩ ॥ ਚਾਚਰੀ ਪ੍ਰਜੋਧਨ ਦੁਸਟ ਬਿਰੋਧਨ ਰੋਸ ਅਰੋਧਨ ਕ੍ਰੂਰ ਬ੍ਰਿਤੇ ॥ ਧੂਮ੍ਰਾਛ ਬਿਧੁੰਸਨ ਪ੍ਰਲੈ ਪ੍ਰਜੁੰਸਨ ਜਗ ਬਿਧੁੰਸਨ ਸੁਧ ਮਤੇ ॥ ਜਾਲਪਾ ਜਯੰਤੀ ਸਤ੍ਰ ਮਥੰਤੀ ਦੁਸਟ ਪ੍ਰਦਾਹਨਿ ਗਾੜ੍ਹ ਮਤੇ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਗਾਧਿ ਗਤੇ ॥ ੧੪ ॥ ੨੨੪ ॥ ਖਤ੍ਰੀਆਣ ਖਤੰਗੀ ਅਭੈ ਅਭੰਗੀ ਆਦਿ ਅਨੰਗੀ ਅਗਾਧਿ ਗਤੇ ॥ ਬ੍ਰਿੜਲਾਛ ਬਿਹੰਡਣ ਚੱਛਰ ਦੰਡਣ ਤੇਜ ਪ੍ਰਚੰਡਣ ਆਦਿ ਬ੍ਰਿਤੇ ॥ ਸੁਰ ਨਰ ਪ੍ਰਤਿਪਾਰਨ ਪਤਿਤ ਉਧਾਰਣ ਦੁਸਟ ਨਿਵਾਰਣ ਦੋਖ ਹਰੇ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਬਿਸੁ ਬਿਧੁੰਸਨ ਸ੍ਰਿਸਟਿ ਕਰੇ ॥ ੧੫ ॥ ੨੨੫ ॥ ਦਾਮਨੀ ਪ੍ਰਕਾਸੇ ਉਨਤਨ ਨਾਸੇ ਜੋਤਿ ਪ੍ਰਕਾਸੇ ਅਤੁਲ ਬਲੇ ॥ ਦਾਨਵੀ ਪ੍ਰਕਰਖਣ ਸਰਵਰ ਵਰਖਣ ਦੁਸਟ ਪ੍ਰਧਰਖਣ ਬਿਤਲ ਤਲੇ ॥ ਅਸਟਾਇਧ ਬਾਹਣ ਬੋਲ ਨਿਬਾਹਣ ਸੰਤ ਪਨਾਹਣ ਗੂੜ੍ਹ ਗਤੇ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧਿ ਬ੍ਰਿਤੇ ॥ ੧੬ ॥ ੨੨੬ ॥ ਦੁਖ ਦੋਖ ਪ੍ਰਭੱਛਣ ਸੇਵਕ ਰੱਛਣ ਸੰਤ ਪ੍ਰਤੱਛਣ ਸੁੱਧ ਸਰੇ ॥ ਸਾਰੰਗ ਸਨਾਹੇ ਦੁਸਟ ਪ੍ਰਦਾਹੇ ਅਰਿ ਦਲ ਗਾਹੇ ਦੋਖ ਹਰੇ ॥ ਗੰਜਨ ਗੁਮਾਨੇ ਅਤੁਲ ਪ੍ਰਵਾਨੇ ਸੰਤ ਜ਼ਮਾਨੇ ਆਦਿ ਅੰਤੇ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਸਾਧ ਪ੍ਰਦੱਛਣ ਦੁਸਟ ਹੰਤੇ ॥ ੧੭ ॥ ੨੨੭ ॥ ਕਾਰਣ ਕਰੀਲੀ ਗਰਬ ਗਹੀਲੀ ਜੋਤਿ ਜਤੀਲੀ ਤੁੰਦ ਮਤੇ ॥ ਅਸਟਾਇਧ ਚਮਕਣ ਸਸਤ੍ਰ ਝਮਕਣ ਦਾਮਨ ਦਮਕਣ ਆਦਿ ਬ੍ਰਿਤੇ ॥ ਡੁਕਡੁਕੀ ਦਮੰਕੈ ਬਾਘ ਬਵੰਕੈ ਭੁਜਾ ਫਰੰਕੈ ਸੁੱਧ ਗਤੇ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਨਾਦਿ ਮਤੇ ॥ ੧੮ ॥ ੨੨੮ ॥ ਚਛਰਾਸੁਰ ਮਾਰਣ ਨਰਕ ਨਿਵਾਰਣ ਪਤਿਤ ਉਧਾਰਣ ਏਕ ਭਟੇ ॥ ਪਾਪਾਨ ਬਿਹੰਡਣ ਦੁਸਟ ਪ੍ਰਚੰਡਣ ਖੰਡ ਅਖੰਡਣ ਕਾਲ ਕਟੇ ॥ ਚੰਦ੍ਰਾਨਨ ਚਾਰੇ ਨਰਕ ਨਿਵਾਰੇ ਪਤਿਤ ਉਧਾਰੇ ਮੁੰਡ ਮਥੇ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਧੂਮ੍ਰ ਬਿਧੁੰਸਨ ਆਦਿ ਕਥੇ ॥ ੧੯ ॥ ੨੨੯ ॥ ਰਕਤਾਸੁਰ ਮਰਦਨ ਚੰਡ ਚਕ੍ਰਦਨ ਦਾਨਵ ਅਰਦਨ ਬਿੜਾਲ ਬਧੇ ॥ ਸਰ ਧਾਰ ਬਿਬਰਖਣ ਦੁਰਜਨ ਧਰਖਣ ਅਤੁਲ ਅਮਰਖਣ ਧਰਮ ਧੁਜੇ ॥ ਧੂਮ੍ਰਾਛ ਬਿਧੁੰਸਨ ਸ੍ਰੋਣਤ ਚੁੰਸਨ ਸੁੰਭ ਨਪਾਤ ਨਿਸੁੰਭ ਮਥੇ ॥ ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨੀਲ ਅਗਾਧ ਕਥੇ ॥ ੨੦ ॥ ੨੩੦ ॥

ਪਾਧੜੀ ਛੰਦ ॥ ਅਦ੍ਵੈ ਅਨਾਸ ਆਸਨ ਅਡੋਲ ॥ ਅਦ੍ਵੈ ਅਨੰਤ ਉਪਮਾ ਅਤੋਲ ॥ ਅਛੈ ਸਰੂਪ ਅਬਯਕਤ ਨਾਥ ॥ ਆਜਾਨ ਬਾਹੁ ਸਰਬਾ ਪ੍ਰਮਾਥ ॥ ੧ ॥ ੨੬੭ ॥ ਜੱਹ ਤੱਹ ਮਹੀਪ ਬਨ ਤਨ ਪ੍ਰਫੁਲ ॥ ਸੋਭਾ ਬਸੰਤ ਜੱਹ ਤੱਹ ਪ੍ਰੱਫੁਲ ॥ ਬਨ ਤਨ ਦੁਰੰਤ ਖਗ ਮ੍ਰਿਗ ਮਹਾਨ ॥ ਜੱਹ ਤੱਹ ਪ੍ਰਫੁੱਲ ਸੁੰਦਰ ਸੁਜਾਨ ॥ ੨ ॥ ੨੬੮ ॥ ਫੁਲਤੰ ਪ੍ਰਫੁੱਲ ਲਹਿ ਲਹਿਤ ਮੋਰ ॥ ਸਿਰ ਢੁਰਹਿ ਜਾਨ ਮਨ ਮਥਹਿ ਚੋਰ ॥ ਕੁਦਰਤ ਕਮਾਲ ਰਾਜ਼ਕ ਰਹੀਮ ॥ ਕਰੁਣਾ ਨਿਧਾਨ ਕਾਮਲ ਕਰੀਮ ॥ ੩ ॥ ੨੬੯ ॥ ਜੱਹ ਤੱਹ ਬਿਲੋਕ ਤੱਹ ਤੱਹ ਪ੍ਰਸੋਹ ॥ ਅਜਾਨੁ ਬਾਹੁ ਅਮਿਤੋਜ ਮੋਹ ॥ ਰੋਸੰ ਬਿਰਹਤ ਕਰਣਾ ਨਿਧਾਨ ॥ ਜੱਹ ਤੱਹ ਪ੍ਰਫੁੱਲ ਸੁੰਦਰ ਸੁਜਾਨ ॥ ੪ ॥ ੨੭੦ ॥ ਬਨ ਤਨ ਮਹੀਪ ਜਲ ਥਲ ਮਹਾਨ ॥ ਜੱਹ ਤੱਹ ਪ੍ਰਸੋਹ ਕਰੁਣਾ ਨਿਧਾਨ ॥ ਜਗਮਗਤ ਤੇਜ ਪੂਰਨ ਪ੍ਰਤਾਪ ॥ ਅੰਬਰ ਜਮੀਨ ਜਿਹ ਜਪਤ ਜਾਪ ॥ ੫ ॥ ੨੭੧ ॥ ਸਾਤੋ ਅਕਾਸ ਸਾਤੋ ਪਤਾਰ ॥ ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰਿ ॥

ਉਸਤਤ ਸੰਪੂਰਨੰ

ਅਵਰ ਬਾਸਨਾ ਨਾਹਿ ਪ੍ਰਭ ॥ ਧਰਮ ਜੁੱਧ ਕੇ ਚਾਇ ॥

ੴ

ਸਤਿਗੁਰ ਪ੍ਰਸਾਦਿ ॥

ਅਥ ਬਚਿਤ੍ਰ ਨਾਟਕ ਗ੍ਰੰਥ ਲਿਖਯਤੇ

॥ ਤ੍ਵਪ੍ਰਸਾਦਿ ॥

ਸ੍ਰੀ ਮੁਖਬਾਕ ਪਾਤਿਸ਼ਾਹੀ ੧੦ ॥

ਦੋਹਰਾ ॥ ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ ॥
ਪੂਰਨ ਕਰੋ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥੧॥

ਤ੍ਰਿਭੰਗੀ ਛੰਦ ॥ ਸ੍ਰੀ ਕਾਲ ਜੀ ਕੀ ਉਸਤਤਿ ॥

ਖੱਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥ ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥ ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥

ਭੁਜੰਗ ਪ੍ਰਯਾਤ ਛੰਦ ॥ ਸਦਾ ਏਕ ਜੋਤਯੰ ਅਜੂਨੀ ਸਰੂਪੰ ॥ ਮਹਾਂਦੇਵ ਦੇਵੰ ਮਹਾ ਭੂਪ ਭੂਪੰ ॥ ਨਿਰੰਕਾਰ ਨਿਤਯੰ ਨਿਰੂਪੰ ਨ੍ਰਿਬਾਣੰ ॥
ਕਲੰ ਕਾਰਣੇਯੰ ਨਮੋ ਖੜਗ ਪਾਣੰ ॥ ੩ ॥ ਨਿਰੰਕਾਰ ਨ੍ਰਿਬਿਕਾਰ ਨਿਤਯੰ ਨਿਰਾਲੰ ॥ ਨ ਬ੍ਰਿਧੰ ਬਿਸੇਖੰ ਨ ਤਰੁਨੰ ਨ ਬਾਲੰ ॥ ਨ ਰੰਕੰ ਨ ਰਾਯੰ
ਨ ਰੂਪੰ ਨ ਰੇਖੰ ॥ ਨ ਰੰਗੰ ਨ ਰਾਗੰ ਅਪਾਰੰ ਅਭੇਖੰ ॥੪॥ ਨ ਰੂਪੰ ਨ ਰੇਖੰ ਨ ਰੰਗੰ ਨ ਰਾਗੰ ॥ ਨ ਨਾਮੰ ਨ ਠਾਮੰ ਮਹਾ ਜੋਤਿ ਜਾਗੰ ॥

ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿਤਜੰ ॥ ਮਹਾਂ ਜੋਗ ਜੋਗੀ ਸੁ ਪਰਮੰ ਪਵਿਤਜੰ ॥੫॥ ਅਜੇਯੰ ਅਭੇਯੰ ਅਨਾਮੰ ਅਠਾਮੰ ॥ ਮਹਾ ਜੋਗ ਜੋਗੀ ਮਹਾ ਕਾਮ ਕਾਮੰ ॥
ਅਲੇਖੰ ਅਭੇਖੰ ਅਨੀਲੰ ਅਨਾਦੰ ॥ ਪਰੇਯੰ ਪਵਿੱਤ੍ਰੰ ਸਦਾ ਨ੍ਰਿਬਿਖਾਦੰ ॥੬॥ ਸੁ ਆਦੰ ਅਨਾਦੰ ਅਨੀਲੰ ਅਨੰਤੰ ॥ ਅਦ੍ਵੈਖੰ ਅਭੇਖੰ ਮਹੇਸੰ ਮਹੰਤੰ ॥
ਨ ਰੋਖੰ ਨ ਸੋਖੰ ਨ ਦ੍ਰੋਹੰ ਨ ਮੋਹੰ ॥ ਨ ਕਾਮੰ ਨ ਕ੍ਰੋਧੰ ਅਜੋਨੀ ਅਜੋਹੰ ॥੭॥ ਪਰੇਯੰ ਪਵਿਤ੍ਰੰ ਪੁਨੀਤੰ ਪੁਰਾਣੰ ॥ ਅਜੇਯੰ ਅਭੇਯੰ ਭਵਿਖਜੰ ਭਵਾਣੰ ॥
ਨ ਰੋਗੰ ਨ ਸੋਗੰ ਸੁ ਨਿਤਜੰ ਨਵੀਨੰ ॥ ਅਜਾਯੰ ਸਹਾਯੰ ਪਰਮੰ ਪ੍ਰਬੀਨੰ ॥੮॥ ਸੁ ਭੂਤੰ ਭਵਿਖ੍ਯੰ ਭਵਾਨੰ ਭਵੇਯੰ ॥ ਨਮੋ ਨ੍ਰਿਬਕਾਰੰ ਨਮੋ ਨ੍ਰਿਜੁਰੇਜੰ ॥
ਨਮੋ ਦੇਵ ਦੇਵੰ ਨਮੋ ਰਾਜ ਰਾਜੰ ॥ ਨਿਰਾਲੰਬ ਨਿਤਜੰ ਸੁ ਰਾਜਾ ਧਿਰਾਜੰ ॥੯॥ ਅਲੇਖੰ ਅਭੇਖੰ ਅਭੂਤੰ ਅਦ੍ਵੈਖੰ ॥ ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ ॥
ਮਹਾਂ ਦੇਵ ਦੇਵੰ ਮਹਾਂ ਜੋਗ ਜੋਗੀ ॥ ਮਹਾਂ ਕਾਮ ਕਾਮੰ ਮਹਾਂ ਭੋਗ ਭੋਗੀ ॥੧੦॥ ਕਹੂੰ ਰਾਜਸੰ ਤਾਮਸੰ ਸਾਕੇਤਯੰ ॥ ਕਹੂੰ ਨਾਰ ਕੋ ਰੂਪ ਧਾਰੇ ਨਰੇਯੰ ॥
ਕਹੂੰ ਦੇਵੀਯੰ ਦੇਵਤੰ ਦਈਤ ਰੂਪੰ ॥ ਕਹੂੰ ਰੂਪ ਅਨੇਕ ਧਾਰੇ ਅਨੂਪੰ ॥੧੧॥ ਕਹੂੰ ਫੂਲ ਹ੍ਵੈਕੈ ਭਲੇ ਰਾਜ ਫੂਲੇ ॥ ਕਹੂੰ ਭਵਰ ਹ੍ਵੈਕੈ ਭਲੀ ਭਾਂਤ ਭੂਲੇ ॥
ਕਹੂੰ ਪਵਨ ਹ੍ਵੈਕੈ ਬਹੇ ਬੇਗ ਐਸੇ ॥ ਕਹੇ ਮੋ ਨ ਆਵੈ ਕਥੋ ਤਾਹਿ ਕੈਸੇ ॥੧੨॥ ਕਹੂੰ ਨਾਦ ਹ੍ਵੈਕੈ ਭਲੀ ਭਾਂਤਿ ਬਾਜੇ ॥ ਕਹੂੰ ਪਾਰਧੀ ਹ੍ਵੈ ਧਰੇ ਬਾਨ ਰਾਜੇ॥
ਕਹੂੰ ਮ੍ਰਿਗ ਹ੍ਵੈਕੈ ਭਲੀ ਭਾਂਤਿ ਮੋਹੇ॥ ਕਹੂੰ ਕਾਮਕੀ ਜਿਉ ਧਰੇ ਰੂਪ ਸੋਹੇ॥੧੩॥ ਨਹੀ ਜਾਨ ਜਾਈ ਕਛੂ ਰੂਪ ਰੇਖੰ॥ ਕਹਾ ਬਾਸ ਤਾਕੋ ਫਿਰੈ ਕਉਨ ਭੇਖੰ॥
ਕਹਾ ਨਾਮ ਤਾਕੋ ਕਹਾ ਕੈ ਕਹਾਵੈ ॥ ਕਹਾ ਮੈ ਬਖਾਨੋ ਕਹੇ ਮੋ ਨ ਆਵੈ ॥੧੪॥ ਨ ਤਾਕੋ ਕੋਟੀ ਤਾਤ ਮਾਤੰ ਨ ਭਾਯੰ ॥ ਨ ਪੁਤ੍ਰੰ ਨ ਪੌਤ੍ਰੰ ਨ ਦਾਯਾ
ਨ ਦਾਯੰ ॥ ਨ ਨੇਹੰ ਨ ਗੇਹੰ ਨ ਸੈਨੰ ਨ ਸਾਥੰ ॥ ਮਹਾਂਰਾਜ ਰਾਜੰ ਮਹਾ ਨਾਥ ਨਾਥੰ ॥੧੫॥ ਪਰਮੰ ਪੁਰਾਨੰ ਪਵਿਤ੍ਰੰ ਪਰੇਯੰ ॥ ਅਨਾਦੰ ਅਨੀਲੰ
ਅਸੰਭੰ ਅਜੇਯੰ ॥ ਅਭੇਦੰ ਅਛੇਦੰ ਪਵਿਤ੍ਰੰ ਪ੍ਰਮਾਥੰ ॥ ਮਹਾ ਦੀਨ ਦੀਨੰ ਮਹਾਂ ਨਾਥ ਨਾਥੰ ॥੧੬॥ ਅਦਾਗੰ ਅਦੱਗੰ ਅਲੇਖੰ ਅਭੇਖੰ ॥ ਅਨੰਤੰ ਅਨੀਲੰ
ਅਰੂਪੰ ਅਦ੍ਵੈਖੰ ॥ ਮਹਾਂ ਤੇਜ ਤੇਜੰ ਮਹਾਂ ਜ੍ਵਾਲ ਜ੍ਵਾਲੰ ॥ ਮਹਾਂ ਮੰਤ੍ਰ ਮੰਤ੍ਰੰ ਮਹਾਂ ਕਾਲ ਕਾਲੰ ॥ ੧੭ ॥ ਕਰੰ ਬਾਮ ਚਾਪਯੰ ਕ੍ਰਿਪਾਣੰ ਕਰਾਲੰ ॥
ਮਹਾਂ ਤੇਜ ਤੇਜੰ ਬਿਰਾਜੈ ਬਿਸਾਲੰ ॥ ਮਹਾਂ ਦਾੜ ਦਾੜੰ ਸੁ ਸੋਹੰ ਅਪਾਰੰ ॥ ਜਿਨੈ ਚਰਬੀਯੰ ਜੀਵ ਜੱਗਯੰ ਹਜਾਰੰ ॥੧੮॥ ਡਮਾ ਡੰਮ ਡਉਰੂ
ਸਿਤਾਸੇਤ ਛੱਤ੍ਰੰ ॥ ਹਾਹਾ ਹੂਹ ਹਾਸੰ ਝੱਮਾ ਝੱਮ ਅੱਤ੍ਰੰ ॥ ਮਹਾਂ ਘੋਰ ਸਬਦੰ ਬਜੇ ਸੰਖ ਐਸੰ ॥ ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੰ ॥੧੯॥

ਰਸਾਵਲ ਛੰਦ ॥ ਘਣੰ ਘੰਟ ਬਾਜੰ ॥ ਧੁਣੰ ਮੇਘ ਲਾਜੰ ॥ ਭਯੋ ਸੱਦ ਏਵੰ ॥ ਹੜਯੋ ਨੀਰਧੇਵੰ ॥ ੨੦ ॥ ਘੁਰੰ ਘੁੰਘਰੇਯੰ ॥
ਧੁਣੰ ਨੇਵਰੇਯੰ ॥ ਮਹਾਂ ਨਾਦ ਨਾਦੰ ॥ ਸੁਰੰ ਨਿਰ ਬਿਖਾਦੰ ॥੨੧॥ ਸਿਰੰ ਮਾਲ ਰਾਜੰ ॥ ਲਖੇ ਰੁਦ੍ਰ ਲਾਜੰ ॥ ਸੁਭੇ ਚਾਰ ਚਿੱਤ੍ਰੰ ॥ ਪਰਮੰ ਪਵਿਤ੍ਰੰ ॥
੨੨ ॥ ਮਹਾ ਗਰਜ ਗਰਜੰ ॥ ਸੁਣੇ ਦੂਤ ਲਰਜੰ ॥ ਸ੍ਰਵੰ ਸ੍ਰੋਣ ਸੋਹੰ ॥ ਮਹਾ ਮਾਨ ਮੋਹੰ ॥ ੨੩ ॥

ਭੁਜੰਗ ਪ੍ਰਯਾਤ ਛੰਦ ॥ ਸ੍ਰਿਜੇ ਸੇਤਜੰ ਜੇਰਜੰ ਉਤਭੁਜੇਵੰ ॥ ਰਚੇ ਅੰਡਜੰ ਖੰਡ ਬ੍ਰਹਮੰਡ ਏਵੰ ॥ ਦਿਸਾ ਬਿਦਿਸਾਯੰ
ਜਿਮੀ ਆਸਮਾਣੰ ॥ ਚਤੁਰ ਬੇਦ ਕਥਯੰ ਕੁਰਾਣੰ ਪੁਰਾਣੰ ॥ ੨੪ ॥ ਰਚੇ ਰੈਣ ਦਿਵਸੰ ਥਪੇ ਸੂਰ ਚੰਦ੍ਰੰ ॥ ਠਟੇ ਦਈਵ ਦਾਨੋ ਰਚੇ ਬੀਰ ਬਿੰਦ੍ਰੰ ॥

ਕਰੀ ਲੋਹ ਕਲਮੰ ਲਿਖਜੋ ਲੇਖ ਮਾਥੰ ॥ ਸਭੈ ਜ਼ੇਰ ਕੀਨੇ ਬਲੀ ਕਾਲ ਹਾਥੰ ॥੨੫॥ ਕਈ ਮੇਟ ਡਾਰੇ ਉਸਾਰੇ ਬਨਾਏ ॥ ਉਪਾਰੇ ਗੜੇ ਫੇਰਿ ਮੇਟੇ ਉਪਾਏ ॥ ਕ੍ਰਿਆ ਕਾਲ ਜੂ ਕੀ ਕਿਨੂ ਨ ਪਛਾਨੀ ॥ ਘਨਜੋ ਪੈ ਬਿਹੈ ਹੈ ਘਨਜੋ ਪੈ ਬਿਹਾਨੀ ॥੨੬॥ ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥ ਮਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥ ੨੭॥ ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਜੋ ਕਾਲ ਜੀਤਾ ਨ ਤੇ ਕਾਲ ਜੀਤੇ ॥ ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ ॥ ਤਿਤਜੋ ਕਾਲ ਖਾਪਿਓ ਨ ਤੇ ਕਾਲ ਘਾਏ ॥੨੮॥ ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ ॥ ਤਿਤਜੋ ਕਾਲ ਖਾਪਾ ਨ ਤੇ ਕਾਲ ਘਾਏ ॥ ਜਿਤੇ ਅਉਲੀਆ ਅੰਬੀਆ ਗਉਸ ਹ੍ਵੈ ਹੈਂ ॥ ਸਭੈ ਕਾਲ ਕੇ ਅੰਤ ਦਾੜਾ ਤਲੈ ਹੈਂ ॥੨੯॥ ਜਿਤੇ ਮਾਨਧਾਤਾਦਿ ਰਾਜਾ ਸੁਹਾਏ ॥ ਸਭੈ ਬਾਂਧਿ ਕੈ ਕਾਲ ਜੇਲੈ ਚਲਾਏ ॥ ਜਿਨੈ ਨਾਮ ਤਾਕੋ ਉਚਾਰੋ ਉਬਾਰੇ ॥ ਬਿਨਾ ਸਾਮ ਤਾਕੀ ਲਖੇ ਕੋਟ ਮਾਰੇ ॥੩੦॥

ਰਸਾਵਲ ਛੰਦ ॥ ਤ੍ਵ ਪ੍ਰਸਾਦ ॥ ਚਮੱਕਹਿ ਕ੍ਰਿਪਾਣੰ ॥ ਅਭੂਤੰ ਭਯਾਣੰ ॥ ਧੁਣੰ ਨੇਵਰਾਣੰ ॥ ਘੁਰੰ ਘੁੰਘ੍ਰਯਾਣੰ ॥੩੧॥ ਚਤੁਰ ਬਾਂਹ ਚਾਰੰ ॥ ਨ੍ਰਿਜੂਟੰ ਸੁਧਾਰੰ ॥ ਗਦਾ ਪਾਸ ਸੋਹੰ ॥ ਜਮੰ ਮਾਣ ਮੋਹੰ ॥੩੨॥ ਸੁਭੰ ਜੀਵ ਜੁਆਲੰ ॥ ਸੁ ਦਾੜ੍ਹਾ ਕਰਾਲੰ ॥ ਬਜੀ ਬੰਬ ਸੰਖੰ ॥ ਉਠੇ ਨਾਦ ਬੰਖੰ ॥੩੩॥ ਸੁਭੰ ਰੂਪ ਸਿਯਾਮੰ ॥ ਮਹਾ ਸੋਭ ਧਾਮੰ ॥ ਛਬੇ ਚਾਰ ਚਿਤ੍ਰੰ ॥ ਪਰੇਅੰ ਪਵਿਤ੍ਰੰ ॥੩੪॥

ਭੁਜੰਗ ਪ੍ਰਯਾਤ ਛੰਦ ॥ ਸਿਰੰ ਸੇਤ ਛਤ੍ਰੰ ਸੁ ਸੁਭ੍ਰੰ ਬਿਰਾਜੰ ॥ ਲਖੇ ਛੈਲ ਛਾਇਆ ਕਰੇ ਤੇਜ ਲਾਜੰ ॥ ਬਿਸਾਲਾਲ ਨੈਨੰ ਮਹਾਰਾਜ ਸੋਹੰ ॥ ਢਿਗੰ ਅੰਸੁਮਾਲੰ ਹਸੰ ਕੋਟ ਕ੍ਰੋਹੰ ॥੩੫॥ ਕਹੂੰ ਰੂਪ ਧਾਰੇ ਮਹਾਂਰਾਜ ਸੋਹੰ ॥ ਕਹੂੰ ਦੇਵ ਕੰਨਿਆਨ ਕੇ ਮਾਨ ਮੋਹੰ ॥ ਕਹੂੰ ਬੀਰ ਹ੍ਵੈ ਕੈ ਧਰੇਬਾਨ ਪਾਨੰ ॥ ਕਹੂੰ ਭੂਪ ਹ੍ਵੈ ਕੈ ਬਜਾਏ ਨਿਸਾਨੰ ॥੩੬॥

ਰਸਾਵਲ ਛੰਦ ॥ ਧਨੁਰ ਬਾਨ ਧਾਰੇ ॥ ਛੱਕੇ ਛੈਲ ਭਾਰੇ ॥ ਲਏ ਖੱਗ ਐਸੇ ॥ ਮਹਾਂਬੀਰ ਜੈਸੇ ॥੩੭॥ ਜੁਰੇ ਜੰਗ ਜੋਰੰ ॥ ਕਰੇ ਜੁੱਧ ਘੋਰੰ ॥ ਕ੍ਰਿਪਾ ਨਿਧਿ ਦਿਆਲੰ ॥ ਸਦਾਜੰ ਕ੍ਰਿਪਾਲੰ ॥੩੮॥ ਸਦਾ ਏਕ ਰੂਪੰ ॥ ਸਭੈ ਲੋਕ ਭੂਪੰ ॥ ਅਜੇਅੰ ਅਜਾਯੰ ॥ ਸਰਨਿਯੰ ਸਹਾਯੰ ॥ ੩੯॥ ਤਪੈ ਖੱਗ ਪਾਨੰ ॥ ਮਹਾਂ ਲੋਕ ਦਾਨੰ ॥ ਭਵਿਖਿਅੰ ਭਵੇਅੰ ॥ ਨਮੋ ਨਿਰਜੁਰੇਅੰ ॥੪੦॥ ਮਧੋ ਮਾਨ ਮੁਡੰ ॥ ਸੁਭੰ ਰੁੰਡ ਝੁੰਡੰ ॥ ਸਿਰੰ ਸੇਤ ਛੱਤ੍ਰੰ ॥ ਲਸੰ ਹਾਥ ਅੱਤ੍ਰੰ ॥੪੧॥ ਸੁਣੇ ਨਾਦ ਭਾਰੀ ॥ ਤ੍ਰਸੇ ਛੱਤ੍ਰਧਾਰੀ ॥ ਦਿਸਾ ਬਸ਼ਤ੍ਰ ਰਾਜੰ ॥ ਸੁਣੇ ਦੋਖ ਭਾਜੰ ॥੪੨॥ ਸੁਣੇ ਗੱਦ ਸੱਦੰ ॥ ਅਨੰਤੰ ਬਿਹੱਦੰ ॥ ਘਟਾ ਜਾਣੁ ਸਯਾਮੰ ॥ ਦੁਤੰ ਅਭਿਰਾਮੰ ॥੪੩॥ ਚਤੁਰ ਬਾਹੁ ਚਾਰੰ ॥ ਕਰੀਟੰ ਸੁਧਾਰੰ ॥ ਗਦਾ ਸੰਖ ਚੱਕ੍ਰੰ ॥ ਟਿਪੈ ਕ੍ਰੂਰ ਬੱਕ੍ਰੰ ॥੪੪॥

ਨਰਾਜ ਛੰਦ ॥ ਅਨੂਪ ਰੂਪ ਰਾਜਿਅੰ ॥ ਨਿਹਾਰ ਕਾਮੁ ਲਾਜਿਯੰ ॥ ਅਲੋਕ ਲੋਕ ਸੋਭਿਅੰ ॥ ਬਿਲੋਕ ਲੋਕ ਲੋਭਿਅੰ ॥੪੫॥ ਚਮੱਕਿ ਚੰਦ੍ਰ ਸੀਸਿਯੰ ॥ ਰਹਿਯੋ ਲਜਾਇ ਈਸਯੰ ॥ ਸੁ ਸੋਭ ਨਾਗ ਭੂਖਣੰ ॥ ਅਨੇਕ ਦੁਸਟ ਦੂਖਣੰ ॥੪੬॥ ਕ੍ਰਿਪਾਨ ਪਾਣ ਧਾਰੀਯੰ ॥

ਕਰੋਰ ਪਾਪ ਟਾਰੀਯੰ ॥ ਗਦਾ ਗ੍ਰਿਸਟ ਪਾਣਿਯੰ ॥ ਕਮਾਣ ਬਾਣ ਭਾਣਿਯੰ ॥੪੭॥ ਸਬਦ ਸੰਖ ਬੱਜਿਯੰ ॥ ਘਟੰਬਿ ਘੁੰਘਰ ਗੱਜਿਯੰ ॥
ਸਰਨਿ ਨਾਥ ਤੇਰੀਯੰ ॥ ਉਬਾਰ ਲਾਜ ਮੇਰੀਯੰ ॥੪੮॥ ਅਨੇਕ ਰੂਪ ਸੋਹੀਯੰ ॥ ਬਿਸੇਖ ਏਕ ਮੋਹੀਯੰ ॥ ਅਦੇਵ ਏਕ ਏਕਲੰ ॥ ਕ੍ਰਿਪਾ ਨਿਧਾਨ ਕੇਵਲੰ ॥
੪੯॥ ਸੁ ਆਦਿ ਅੰਤਿ ਏਕਯੰ ॥ ਧਰੇ ਸਰੂਪ ਅਨੇਕਿਯੰ ॥ ਕ੍ਰਿਪਾਣ ਪਾਣ ਰਾਜਈ ॥ ਬਿਲੇਖ ਪਾਪ ਭਾਜਈ ॥੫੦॥ ਅਲੰਕ੍ਰਿਤੰ ਸੁ ਦੇਹਯੰ ॥
ਭਨੇ ਮਨੇ ਕਿ ਮੋਹਿਯੰ ॥ ਕਮਾਣ ਬਾਣ ਧਾਰਹੀ ॥ ਅਨੇਕ ਸੱਤ੍ਰ ਟਾਰਹੀ ॥੫੧॥ ਘਮਕਿ ਘੁੰਘਰੇ ਸੁਰੰ ॥ ਨਵੰ ਨਿਨਾਦ ਨੂਪਰੇ ॥ ਪ੍ਰਜੁਆਲ ਬਿੱਜਲੰ ਜੁਲੰ ॥
ਪਵਿਤ੍ਰ ਪਰਮ ਨਿਰਮਲੰ ॥੫੨॥

ਤੋਟਕ ਛੰਦ ॥ ਤ੍ਵ ਪ੍ਰਸਾਦਿ ॥ ਨਵ ਨੇਵਰ ਨਾਦ ਸੁਰੰ ਨ੍ਰਿਮਲੰ ॥ ਮੁਖ ਬਿਜੁਲ ਜੁਆਲ ਘਟੰ ਪ੍ਰਜਲੰ ॥ ਮਦਰਾ ਕਰ ਮੱਤ ਮਹਾ ਭਭਕੰ ॥
ਬਨ ਮੈ ਮਨੋ ਬਾਘ ਬਚਾ ਬਬਕੰ ॥੫੩॥ ਭਵ ਭੂਤ ਭਵਿੱਖ ਭਵਾਨ ਭਵੰ ॥ ਕਲ ਕਾਰਣ ਉਬਾਰਣ ਏਕ ਤੁਵੰ ॥ ਸਭ ਠੌਰ ਨਿਰੰਤਰ ਨਿਤ ਨਯੰ ॥
ਮ੍ਰਿਦ ਮੰਗਲ ਰੂਪ ਤੁਯੰ ਸੁਭਯੰ ॥੫੪॥ ਦ੍ਰਿੜ ਦਾਤ ਕਰਾਲ ਦ੍ਵੈ ਸੇਤ ਉਧੰ ॥ ਜਿਹ ਭਾਜਤ ਦੁਸਟ ਬਿਲੰਬ ਜੁਧੰ ॥ ਮਦ ਮੱਤ ਕ੍ਰਿਪਾਣ ਕਰਾਲ ਧਰੰ ॥
ਜਯ ਸੱਦ ਸੁਰਾਸੁਰਯੰ ਉਚਰੰ ॥੫੫॥ ਨਵ ਕਿੰਕਣ ਨੇਵਰ ਨਾਦ ਹੁਅੰ ॥ ਚਲ ਚਾਲ ਸਭਾ ਚਲ ਕੰਪ ਭੁਅੰ ॥ ਘਟ ਘੁੰਘਰ ਘੰਟਣ ਘੋਰ ਸੁਰੰ ॥
ਚਰ ਚਾਰ ਚਰਾਚਰਯੰ ਹੁਹਰੰ ॥੫੬॥ ਚਲ ਚੌਦਹੂੰ ਚੱਕ੍ਰਨ ਚੱਕ੍ਰ ਫਿਰੰ ॥ ਬਢਵੰ ਘਟਵੰ ਹਰੀਅੰ ਸੁ ਭਰੰ ॥ ਜਗ ਜੀਵ ਜਿਤੇ ਜਲਯੰ ਥਲਯੰ ॥
ਅਸ ਕੋ ਜੁ ਤਵਾਇਸੁਅੰ ਮਲਯੰ ॥੫੭॥ ਘਟ ਭਾਦਵ ਮਾਸ ਕੀ ਜਾਣ ਸੁਭੰ ॥ ਤਨ ਸਾਵਰੇ ਰਾਵਰੇਅੰ ਹੁਲਮੰ ॥ ਰਦ ਪੰਗਤ ਦਾਮਨੀਅੰ ਦਮਕੰ ॥
ਘਨ ਘੁੰਘਰ ਘੰਟ ਸੁਰੰ ਘੁਮਕੰ ॥੫੮॥

ਭੁਜੰਗ ਪ੍ਰਯਾਤ ਛੰਦ ॥ ਘਟਾ ਸਾਵਣੰ ਜਾਣ ਸਜਾਮੰ ਸੁਹਾਯੰ ॥ ਮਣੀ ਨੀਲ ਨਗਿਯੰ ਲਯੰ ਸੀਸ ਨਿਆਯੰ ॥ ਮਹਾਂ ਸੁੰਦਰ ਸਜਾਮੰ
ਮਹਾਂ ਅਭਿਰਾਮੰ ॥ ਮਹਾਂ ਰੂਪ ਰੂਪੰ ਮਹਾਂ ਕਾਮ ਕਾਮੰ ॥੫੯॥ ਫਿਰੈ ਚੱਕ੍ਰ ਚਉਦਹੂੰ ਪੁਰੀਅੰ ਮਧਿਆਣੰ ॥ ਇਸੇ ਕੋਨ ਬੀਯੰ ਫਿਰੈ ਆਦਿਸਾਣੰ ॥
ਕਹੋ ਕੂਟ ਕੌਨੈ ਬਿਖੈ ਭਾਜ ਬਾਚੈ ॥ ਸਭੈ ਸੀਸ ਕੇ ਮੰਗ ਸ੍ਰੀ ਕਾਲ ਨਾਚੈ ॥੬੦॥ ਕਰੇ ਕੋਟ ਕੇਊ ਧਰੇ ਕੋਟ ਓਟੰ ॥ ਬਚੈ ਗੋ ਨ ਕਿਉਹੂੰ ਕਰੇ ਕਾਲ ਚੋਟੰ ॥
ਲਿਖੇ ਜੰਤ੍ਰ ਕੇਤੇ ਪੜ੍ਹੰ ਮੰਤ੍ਰ ਕੋਟੰ ॥ ਬਿਨਾ ਸਰਨ ਤਾ ਕੀ ਨਹੀ ਔਰ ਓਟੰ ॥੬੧॥ ਲਿਖੇ ਜੰਤ੍ਰ ਥਾਕੇ ਪੜ੍ਹੰ ਮੰਤ੍ਰ ਹਾਰੇ ॥ ਕਰੇ ਕਾਲ ਤੇ ਅੰਤ ਲੈਕੇ ਬਿਚਾਰੇ ॥
ਕਿਤਿਓ ਤੰਤ੍ਰ ਸਾਧੇ ਸੁ ਜਨਮੰ ਬਿਤਾਇਓ ॥ ਭਏ ਛੇਕਟੰ ਕਾਜ ਏਕੈ ਨ ਆਇਓ ॥ ॥੬੨॥ ਕਿਤੇ ਨਾਸ ਮੁੰਦੇ ਭਏ ਬ੍ਰਹਮਚਾਰੀ ॥ ਕਿਤੇ ਕੰਠ ਕੰਠੀ
ਜਟਾ ਸੀਸ ਧਾਰੀ ॥ ਕਿਤੇ ਚੀਰ ਕਾਨੰ ਜੁਗੀਸੰ ਕਹਾਯੰ ॥ ਸਭੈ ਛੇਕਟੰ ਧਰਮ ਕਾਮੰ ਨ ਆਯੰ ॥ ੬੩ ॥ ਮਧੁਕੀਟਭੰ ਰਾਛਸੇਸੇ ਬਲੀਅੰ ॥
ਸਮੇ ਆਪਨੀ ਕਾਲ ਤੇਊ ਦਲੀਅੰ ॥ ਭਏ ਸੁੰਭ ਨੈਸੁੰਭ ਸ੍ਰੋਣੰਤ ਬੀਜੰ ॥ ਤੇਊ ਕਾਲ ਕੀਨੇ ਪੁਰੇਜੇ ਪੁਰੇਜੰ ॥੬੪॥ ਬਲੀ ਪ੍ਰਿਥੀਅੰ ਮਾਨਧਾਤਾ ਮਹੀਪੰ ॥
ਜਿਨੈ ਰੱਥ ਚੱਕ੍ਰੰ ਕੀਏ ਸਾਤ ਦੀਪੰ ॥ ਭੁਜੈ ਭੀਮ ਭਰਥੰ ਜਗੰ ਜੀਤ ਡੰਡਯੰ ॥ ਤਿਨੈ ਅੰਤ ਕੇ ਅੰਤ ਕੋ ਪਾਪ ਖੰਡਯੰ ॥ ੬੫ ॥

ਜਿਨੈ ਦੀਪ ਦੀਪੰ ਦੁਹਾਈ ਫਿਰਾਈ ॥ ਭੁਜਾਦੰਡ ਦੈ ਛੋਣਿ ਛਤ੍ਰੰ ਛਿਨਾਈ ॥ ਕਰੇ ਜੱਗ ਕੋਟੰ ਜਸੰ ਅਨੇਕ ਲੀਤੇ ॥ ਵਹੈ ਬੀਰ ਬੰਕੇ ਬਲੀ ਕਾਲ ਜੀਤੇ ॥ ੬੬॥ ਕਈ ਕੋਟ ਲੀਨੇ ਜਿਨੈ ਦੁਰਗ ਢਾਹੇ ॥ ਕਿਤੇ ਸੂਰਬੀਰਾਨ ਕੇ ਸੈਨ ਗਾਹੇ ॥ ਕਈ ਜੰਗ ਕੀਨੇ ਸੁ ਸਾਕੇ ਪਵਾਰੇ ॥ ਵਹੈ ਦੀਨ ਦੇਖੇ ਗਿਰੇ ਕਾਲ ਮਾਰੇ ॥ ੬੭ ॥ ਜਿਨੈ ਪਾਤਸਾਹੀ ਕਰੀ ਕੋਟ ਜੁੱਗਿਯੰ ॥ ਰਸੰ ਆਨ ਰਸੰ ਭਲੀ ਭਾਤ ਭੁਗਿਯੰ ॥ ਵਹੈ ਅੰਤ ਕੋ ਪਾਵ ਨਾਗੇ ਪਧਾਰੇ ॥ ਗਿਰੇ ਦੀਨ ਦੇਖੇ ਹਠੀ ਕਾਲ ਮਾਰੇ ॥ ੬੮ ॥ ਜਿਨੈ ਖੰਡੀਅੰ ਦੰਡ ਧਾਰੰ ਅਪਾਰੰ ॥ ਕਰੇ ਚੰਦ੍ਰਮਾ ਸੂਰ ਚੇਰੇ ਦੁਆਰੰ ॥ ਜਿਨੈ ਇੰਦ੍ਰ ਸੇ ਜੀਤ ਕੈ ਛੋਡ ਡਾਰੇ ॥ ਵਹੈ ਦੀਨ ਦੇਖੇ ਹਠੀ ਕਾਲ ਮਾਰੇ ॥ ੬੯ ॥

